Punjab Files
ਪੰਜਾਬੀ ਸਨਾਤਨੀ ਦੀ ਆਵਾਜ਼



# YEAR 1997



ਬੰਬ ਧਮਾਕੇ ਦੇ ਅਭਾਗੇ ਮ੍ਰਿਤਕ ਜਿਨ੍ਹਾਂ 'ਚੋਂ ਕੁਝ ਦਿੱਲੀਓਂ ਆਈ ਸ਼ਾਨੇ-ਪੰਜਾਬ ਵਿਚੋਂ ਉਤਰੇ ਸਨ। ਅਜੀਤ ਫੋਟੋ

## ਮਾਕਾ (ਸਫਾ 1 ਦੀ ਬਾਕੀ)

ਤਾ ਘਟਨਾ ਦੀ ਖ਼ਬਰ ਸੁਣਦਿਆਂ ਹੀ ਮੌਕੇ 'ਤੇ ਨੀਅਰ ਪੁਲਿਸ ਅਧਿਕਾਰੀਆਂ ਨਾਲ ਘਟਨਾ ਹਾਸਲ ਕਰਨ ਬਾਅਦ ਪੱਤਰਕਾਰਾਂ ਨਾਲ ਕਰਦਿਆਂ ਉਨ੍ਹਾਂ ਪੰਜਾਬ ਦੇ ਖਾੜਕੂਆਂ ਦਾ ਨਾ ਪਿੱਛੇ ਹੱਥ ਹੋਣ ਤੋਂ ਉੱਕਾ ਹੀ ਇਨਕਾਰ ਉਨ੍ਹਾਂ ਕਿਹਾ ਕਿ ਅਜਿਹਾ ਲਗਦਾ ਹੈ ਕਿ ਾਨ ਦੀ ਖੁਫੀਆ ਏਜੰਸੀ ਦੇ ਭਾੜੇ ਦੇ ਟੱਟੂਆਂ ਗੀ ਖਾੜਕੂਆਂ ਵੱਲੋਂ ਇਹ ਵਾਰਦਾਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਇਹ ਸ਼ੱਕ ਪੈਂਦਾ ਹੈ ਕਿ ਹੋ ਸਕਦਾ ਹੈ ਫਲਾਇੰਗ ਮੇਲ ਜਾਂ ਸ਼ਾਨੇ ਪੰਜਾਬ ਵਿਚ ਰੱਖਣ ਲਈ ਲਿਜਾਇਆ ਜਾ ਰਿਹਾ ਡੀ ਲੇਟ ਹੋਣ ਜਾਂ ਕਿਸੇ ਹੋਰ ਕਾਰਨ ਉਥੇ ਾ ਜਾ ਸਕਿਆ ਹੋਵੇ ਤੇ ਬਾਹਰ ਫੱਟ ਗਿਆ

ਨ੍ਹਾਂ ਅਨੁਸਾਰ ਦੇਸੀ ਸਾਖਤ ਦਾ ਇਹ ਬੰਬ ਕੋਈ ਬੈਗ ਵਿਚ ਲੈ ਕੇ ਜਾ ਰਿਹਾ ਸੀ ਤੇ ਇਸ ਬੰਬ ਪਾਊਡਰ ਤੇ ਰਿਬਟ ਆਦਿ ਪਾਏ ਗਏ ਸਨ ਰਨ ਇਹ ਵਧੇਰੇ ਮਾਰੂ ਸੀ। ਉਨ੍ਹਾਂ ਕਿਹਾ ਕਿ ਬ ਰੇਲ ਗੱਡੀ ਵਿਚ ਚਲਦਾ ਤਾਂ ਨੁਕਸਾਨ ਜ਼ਿਆਦਾ ਹੋਣਾ ਸੀ।

ਡੋਗਰਾ ਨੇ ਦੱਸਿਆ ਕਿ ਆਈ. ਐਸ. ਲਸ਼ਕਰ-ਏ-ਤੋਇਬਾ ਰਾਹੀਂ 20 ਮੁਸਲਿਮ ੀ ਭੇਸ ਵਿਚ ਪੰਜਾਬ ਅੰਦਰ ਦਾਖਲ ਕੀਤੇ ਵਿਚੋਂ ਦੋ ਨੂੰ ਪਿਛਲੇ ਵਰ੍ਹੇ ਪੁਲਿਸ ਨੇ ਗ੍ਰਿਫਤਾਰ ਵੀ ਕੀਤਾ ਸੀ। ਉਨ੍ਹਾਂ ਕਿਹਾ ਕਿ ਗੁਆਂਢੀ ਮੁਲਕ ਸਾਡੇ ਦੇਸ਼ ਵਿਚ ਅਮਨ ਸ਼ਾਂਤੀ ਨੂੰ ਦੇਖ ਕੇ ਜਰ ਨਹੀਂ ਰਿਹਾ ਤੇ ਇਸੇ ਕਰਕੇ ਅਜਿਹੀਆਂ ਕਾਰਵਾਈਆਂ ਕਰਵਾਉਣ 'ਚ ਲੱਗਾ ਹੈ। ਉਨ੍ਹਾਂ ਕਿਹਾ ਕਿ ਇਸ ਕਾਂਡ ਵਿਚ ਵੀ ਅੰਬਾਲਾ ਤੇ ਲੁਧਿਆਣਾ ਕਾਂਡ ਵਾਲਾ ਹੀ ਢੰਗ ਤਰੀਕਾ ਹੀ ਵਰਤਿਆ ਗਿਆ ਹੈ।

ਸ੍ਰੀ ਡੋਗਰਾ ਨੇ ਦੱਸਿਆ ਕਿ ਪੁਲਿਸ ਦਾ ਅੰਦਾਜ਼ਾ ਹੈ ਕਿ ਜਿਸ ਮ੍ਰਿਤਕ ਦੀ ਲੱਤ ਕੱਟੀ ਗਈ ਹੈ ਤੇ ਉਸ ਦੀ ਮੌਤ ਵੀ ਸਭ ਤੋਂ ਪਹਿਲਾਂ ਹੋਈ। ਹੋ ਸਕਦਾ ਹੈ ਇਹੀ ਵਿਅਕਤੀ ਥੈਲੇ ਵਿਚ ਪਾ ਕੇ ਬੰਬ ਲਿਜਾ ਰਿਹਾ ਹੋਵੇ ਤੇ ਰਸਤੇ ਵਿਚ ਫਟਣ ਕਾਰਨ ਉਹੀ ਸਭ ਤੋਂ ਪਹਿਲਾਂ ਇਸ ਦਾ ਸ਼ਿਕਾਰ ਹੋਇਆ ਹੋਵੇ।

ਸ੍ਰੀ ਡੋਗਰਾ ਨੇ ਕਿਹਾ ਕਿ ਭਾਵੇਂ ਇਹ ਕੱਲੀ ਇਕਹਿਰੀ ਭੰਨਤੋੜ ਦੀ ਕਾਰਵਾਈ ਹੈ ਪਰ ਪੁਲਿਸ ਕਿਸੇ ਵੀ ਤਰ੍ਹਾਂ ਢਿੱਲ ਨਹੀਂ ਵਰਤੇਗੀ ਸਗੋਂ ਖਾੜਕੂਵਾਦ ਵਿਰੁੱਧ ਪਹਿਲਾਂ ਨਾਲੋਂ ਵੀ ਵਧੇਰੇ ਚੌਕਸੀ ਅਤੇ ਤਕੜਾਈ ਨਾਲ ਕੰਮ ਕਰੇਗੀ। ਉਨ੍ਹਾਂ ਕਿਹਾ ਕਿ ਰਾਜ ਵਿਚ ਭੰਨਤੋੜ ਕਰਨ ਵਾਲੀ ਕਿਸੇ ਵੀ ਸ਼ਕਤੀ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ।

ਘਟਨਾ ਦਾ ਜਾਇਜ਼ਾ ਲੈਣ ਸਮੇਂ ਸ੍ਰੀ ਡੋਗਰਾ ਦੇ ਨਾਲ ਆਈ. ਜੀ. ਜ਼ੋਨਲ ਡਾ: ਜੀ. ਐਸ. ਔਜਲਾ, ਡੀ ਆਈ. ਜੀ. ਸ੍ਰੀ ਰਾਜਨ ਗੁਪਤਾ ਅਤੇ ਜ਼ਿਲ੍ਹੇ ਦੇ ਸੀਨੀਅਰ ਅਧਿਕਾਰੀ ਵੀ ਸ਼ਾਮਿਲ ਸਨ। ਬਾਅਦ ਵਿਚ ਸ੍ਰੀ ਡੋਗਰਾ ਸਿਵਲ ਹਸਪਤਾਲ ਜ਼ਖਮੀਆਂ ਦਾ ਪਤਾ ਲੈਣ ਗਏ।

ਸਿਵਲ ਹਸਪਤਾਲ ਵਿਚ ਐਮਰਜੈਂਸੀ ਵਾਰਡ



ਬੰਬ ਧਮਾਕੇ 'ਚ ਹੋਏ ਜ਼ਖਮੀ। ਅਜੀਤ ਫੋਟੋ

ਵਿਚ ਚਾਰੇ ਪਾਸੀਂ ਹਾਹਾਕਾਰ ਤੇ ਕੁਰਲਾਹਟ ਮਚੀ ਹੋਈ ਸੀ। ਸ਼ਹਿਰ ਦੀਆਂ ਸਮਾਜ ਸੇਵੀ ਸੰਸਥਾਵਾਂ ਦੇ ਆਗੂ ਜ਼ਖਮੀਆਂ ਦੀ ਦੇਖਭਾਲ 'ਚ ਹੱਥ ਵਟਾਉਣ ਲਈ ਤੁਰੰਤ ਪੁੱਜੇ। ਜਲੰਧਰ ਦੇ ਭਾਜਪਾ ਵਿਧਾਇਕ ਸ੍ਰੀ ਮਨੋਰੰਜਨ ਕਾਲੀਆ ਤੁਰੰਤ ਹਸਪਤਾਲ ਗਏ ਤੇ ਉਨ੍ਹਾਂ ਜ਼ਖਮੀਆਂ ਦਾ ਹਾਲ ਪੁੱਛਿਆ ਅਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਈ।

ਜ਼ਖਮੀ ਦੌਲਤ ਰਾਮ ਰਿਕਸ਼ਾ ਚਾਲਕ ਨੇ ਦੱਸਿਆ ਕਿ ਉਹ ਘਟਨਾ ਮੌਕੇ ਰਿਕਸ਼ੇ ਉਪਰ ਬੈਠਾ ਸੀ ਤੇ ਧਮਾਕਾ ਹੋਣ ਨਾਲ ਉਹ ਰਿਕਸ਼ੇ ਤੋਂ ਹੇਠਾਂ ਜਾ ਡਿੱਗਾ ਤੇ ਚਾਰੇ ਪਾਸੇ ਧੂੰਆਂ ਫੈਲ ਗਿਆ। ਦਿੱਲੀ ਤੋਂ ਵਰਮਾ ਪਰਿਵਾਰ ਨਾਲ ਆਈ ਆਸ਼ਾ ਰਾਣੀ ਨੇ ਦੱਸਿਆ ਕਿ ਉਹ ਆਪਣੇ ਪਤੀ, ਪੁੱਤਰ ਤੇ ਨੂੰਹ ਜੋ ਜ਼ਖਮੀ ਹੋਏ ਹਨ, ਨਾਲ ਘਟਨਾ ਸਥਾਨ ਲਾਗੇ ਖੜ੍ਹੇ ਸਨ ਤੇ ਧਮਾਕਾ ਹੁੰਦਿਆਂ ਹੀ ਚਾਰੇ ਪਾਸੇ ਹਾਹਾਕਾਰ ਮੱਚ ਗਈ ਤੇ ਉਹ ਭੱਜ ਕੇ ਰੇਲਵੇ ਸਟੇਸ਼ਨ ਦੇ ਵੇਟਿੰਗ ਰੂਮ ਵਿਚ ਗਏ। ਉਸ ਨੇ ਦੱਸਿਆ ਕਿ ਇਕ ਵਿਅਕਤੀ ਜੋ ਬੁਰੀ ਤਰ੍ਹਾਂ ਖੂਨ ਨਾਲ ਲੱਥਪੱਥ ਸੀ ਫੁਟਪਾਥਾਂ ਲਾਗੇ ਲੱਗੇ ਇੰਗਲਾ ਇਰਨਾਂ ਵਿਚ ਫਸਿਆ ਚੀਕਾਂ ਮਾਰ ਰਿਹਾ ਸੀ।

ਸ਼ਹਿਰੀ ਵਿਕਾਸ ਅਤੇ ਕਿਰਤ ਤੇ ਰੁਜ਼ਗਾਰ ਮੰਤਰੀ ਸ: ਸਰੂਪ ਸਿੰਘ ਘਟਨਾ ਦਾ ਪਤਾ ਲਗਦਿਆਂ ਹੀ ਮੌਕਾ ਵਾਰਦਾਤ ਉੱਪਰ ਪੁਜੇ ਤੇ ਉਨ੍ਹਾਂ ਪੁਲਿਸ ਅਧਿਕਾਰੀਆਂ ਨਾਲ ਵੀ ਮੁਲਾਕਾਤ ਕੀਤੀ। ਬਾਅਦ ਵਿਚ ਉਹ ਸਿਵਲ ਹਸਪਤਾਲ ਵਿਖੇ ਜ਼ਖਮੀਆਂ ਨੂੰ ਦੇਖਣ ਗਏ। ਉਨ੍ਹਾਂ ਇਸ ਘਟਨਾ ਦੀ ਸਖਤ ਨਿੰਦਾ ਕਰਦਿਆਂ ਪੀੜ੍ਹਤ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ।

ਉਨ੍ਹਾਂ ਦੇ ਨਾਲ ਏ. ਡੀ. ਸੀ. (ਵਿਕਾਸ) ਸ੍ਰੀ ਕੇ. ਕੇ. ਸ਼ਰਮਾ ਵੀ ਸਨ।

ਸ੍ਰੀ ਕੇ. ਕੇ. ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹਾ ਰੈਡ ਕਰਾਸ ਵੱਲੋਂ ਮ੍ਰਿਤਕਾਂ ਦੇ ਪਰਿਵਾਰਾਂ ਨੂੰ 20-20 ਹਜ਼ਾਰ ਰੁਪਏ ਦੀ ਸਹਾਇਤਾ, ਗੰਭੀਰ ਜ਼ਖਮੀਆਂ ਨੂੰ 10-10 ਹਜ਼ਾਰ ਅਤੇ ਜ਼ਖਮੀਆਂ ਨੂੰ 5-5 ਹਜ਼ਾਰ ਰੁਪਏ ਦੀ ਗਰਾਂਟ ਤੋਂ ਇਲਾਵਾ ਜ਼ਖਮੀਆਂ ਦਾ ਸਾਰਾ ਇਲਾਜ ਮੁਫਤ ਕਰਵਾਉਣ ਦਾ ਐਲਾਨ ਕੀਤਾ ਗਿਆ ਹੈ।

ਮਾਰੇ ਗਏ ਅਤੇ ਇਕ ਦਰਜਨ ਤੋਂ ਵੱਧ ਗੰਭੀਰ ਰੂਪ ਵਿਚ ਜ਼ਖਮੀ ਹੋਏ ਹਨ। ਇਸ ਘਿਨਾਉਣੇ ਕੰਮ 'ਤੇ ਆਪਣੀ ਨਾਰਾਜ਼ਗੀ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸ: ਬਾਦਲ ਨੇ ਕਿਹਾ ਕਿ ਲੋਕਤੰਤਰਕ ਢਾਂਚੇ ਵਿਚ ਹਿੰਸਾ ਲਈ ਕੋਈ ਥਾਂ ਨਹੀਂ ਹੈ। ਸ: ਬਾਦਲ ਨੇ ਕਿਹਾ ਕਿ ਮੌਜੂਦਾ ਸਰਕਾਰ ਹਿੰਦੂ-ਸਿੱਖ ਏਕੇ ਦੀ ਪ੍ਰਤੀਕ ਹੈ ਅਤੇ ਇਹ ਅਜਿਹੇ ਘਿਨਾਉਣੇ ਜੁਰਮਾਂ ਪਿਛੇ ਛੁਪੀਆਂ ਤਾਕਤਾਂ ਨੂੰ ਨੰਗਾ ਕਰਕੇ ਛੱਡੇਗੀ। ਮੁੱਖ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਸ਼ਾਂਤ ਰਹਿਣ ਅਤੇ ਸਮਾਜ ਦੁਸ਼ਮਣ ਤਾਕਤਾਂ ਦੇ ਚਿਹਰਿਆਂ ਨੂੰ ਨੰਗਾ ਕਰਨ ਅਤੇ ਇਰਾਦਿਆਂ ਨੂੰ ਅਸਫਲ ਬਣਾਉਣ ਲਈ ਸਰਕਾਰ ਨੂੰ ਸਹਿਯੋਗ ਦੇਣ।

ਜਲੰਧਰ-(ਵਿ. ਪ੍ਰ.) ਜ਼ਿਲ੍ਹਾ ਕਾਂਗਰਸ ਕਮੇਟੀ ਨੇ ਰੇਲਵੇ ਸਟੇਸ਼ਨ 'ਤੇ ਹੋਏ ਬੰਬ ਧਮਾਕੇ ਵਿਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨੂੰ ਇਕ-ਇਕ ਲੱਖ ਰੁਪਏ ਦੀ ਮਾਲੀ ਸਹਾਇਤਾ ਦੇਣ ਦੀ ਮੰਗ ਕੀਤੀ ਹੈ। ਇਥੇ ਇਕ ਬਿਆਨ ਵਿਚ ਜ਼ਿਲ੍ਹਾ ਕਾਂਗਰਸ ਦੇ ਸੰਯੁਕਤ ਸਕੱਤਰ ਸ੍ਰੀ ਕੁਲਦੀਪ ਰਾਇ ਭਨੋਟ ਨੇ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਹੈ ਕਿ ਇਸ ਮੰਦਭਾਗੀ ਘਟਨਾ ਨਾਲ ਜਿਥੇ ਕੀਮਤੀ ਜਾਨਾਂ ਗਈਆਂ ਹਨ, ਉਥੇ ਸਰਕਾਰ ਨੂੰ ਵੀ ਉਨ੍ਹਾਂ ਨੂੰ ਪੂਰੀ-ਪੂਰੀ ਸਹਾਇਤਾ ਦੇਣੀ ਚਾਹੀਦੀ ਹੈ।

ਧਮਾਕੇ ਦੀ ਨਿੰਦਾ-ਜ਼ਿਲ੍ਹਾ ਜਲੰਧਰ ਅਕਾਲੀ ਜਥੇ ਦੇ ਸੀਨੀਅਰ ਮੈਂਬਰਾਂ ਸ: ਪ੍ਰਤਾਪ ਸਿੰਘ ਐਡਵੋਕੇਟ ਮੈਂਬਰ ਸ਼੍ਰੋਮਣੀ ਕਮੇਟੀ, ਸ: ਗੁਰਚਰਨ ਸਿੰਘ ਨਰੂਲਾ, ਪ੍ਰੋ: ਇੰਦਰਜੀਤ ਸਿੰਘ, ਸ: ਗੁਰਚਰਨ ਸਿੰਘ ਚੰਨੀ, ਸ: ਸੁਰਜੀਤ ਸਿੰਘ ਮਾਕਨ, ਸ: ਗੁਰਦੀਪ ਸਿੰਘ ਰਾਵੀ, ਸ: ਪਰਮਜੀਤ ਸਿੰਘ ਸੇਠੀ, ਸ: ਮਹਿੰਦਰ ਸਿੰਘ ਕੋਹਲੀ, ਸ: ਜਸਬੀਰ ਸਿੰਘ ਭੋਲਾ, ਸ: ਕੁਲਵੰਤ ਸਿੰਘ ਮੰਨਣ, ਬੀਬੀ ਗੁਰਦੀਪ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਸ: ਗੁਰਚਰਨ ਸਿੰਘ ਗੁਲਾਟੀ, ਸ: ਅਮਰਜੀਤ ਸਿੰਘ ਕਥੂਰੀਆ, ਸ: ਸਰਬਜੀਤ ਸਿੰਘ ਮੱਕੜ ਨੇ ਜਲੰਧਰ ਰੇਲਵੇ ਸਟੇਸ਼ਨ ਦੇ ਬਾਹਰ ਹੋਏ ਧਮਾਕੇ ਦੀ ਨਿੰਦਾ ਕੀਤੀ ਹੈ ਤੇ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਕੀਤੇ ਜਾਣ ਦੀ ਮੰਗ ਕੀਤੀ ਹੈ।

## (ਸਫਾ 1 ਦੀ ਬਾਕੀ)

ਹੀਂ।

ਕਿਹਾ ਕਿ ਸਰਕਾਰ 100 ਪ੍ਰਤੀਸ਼ਤ ਟੈਕਸ ਲਈ ਇਕ ਅਧਿਐਨ ਗਰੁੱਪ ਵੱਲੋਂ ਪਛਾਣ ਜੋਗਕ ਤੌਰ 'ਤੇ ਪਛੜੇ ਜ਼ਿਲ੍ਹਿਆਂ ਸਬੰਧੀ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਰਾਜ ਸਭਾ ਵਿਚ ਪ੍ਰਸ਼ਨ ਕਾਲ ਦੌਰਾਨ ਮੰਤਰੀ ਸ੍ਰੀ ਚਤੁਰਾਨਨ ਮਿਸ਼ਰਾ ਨੇ ਦਿੱਤੀ ਕਿ ਘਟੀਆ ਕੀਟ ਨਾਸ਼ਕ ਤਿਆਰ ਕਰਨ ਵਾਲੀਆਂ ਫਰਮਾਂ ਨੂੰ ਵਾਈਆਂ ਕਾਰਨ ਕਿਸਾਨਾਂ ਦੀਆਂ ਫਸਲਾਂ ਲੇ ਨੁਕਸਾਨ ਦਾ ਪੂਰਾ ਮੁਆਵਜ਼ਾ ਦੇਣਾ ਨ੍ਹਾਂ ਇਹ ਚਿਤਾਵਨੀ ਉਦੋਂ ਦਿੱਤੀ ਜਦੋਂ ਨੇ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਕਿ ਾਂ ਨੇ ਘਟੀਆ ਕੀਟ ਨਾਸ਼ਕ ਦਵਾਈਆਂ ਲਾਂ ਤਬਾਹ ਹੋਣ ਪਿਛੋਂ ਆਤਮ ਹੱਤਿਆ ੰਤਰੀ ਨੇ ਭਰੋਸਾ ਦਵਾਇਆ ਕਿ ਸਰਕਾਰ ੀ ਬਣਾਏਗੀ ਕਿ ਕਿਸਾਨਾਂ ਨੂੰ ਉਨ੍ਹਾਂ ਦੇ

ਇਹ ਸੇਵਾਵਾਂ ਚਾਲੂ ਕਰਨ ਸਬੰਧੀ ਵਿਚਾਰ ਕੀਤਾ ਜਾਵੇਗਾ। ਇਸ ਸਮੇਂ ਇਹ ਸਹੂਲਤ ਕੇਵਲ ਦਿੱਲੀ ਅਤੇ ਮੁੰਬਈ ਦਰਮਿਆਨ ਚਲਦੀਆਂ ਰਾਜਧਾਨੀ ਐਕਸਪ੍ਰੈੱਸ ਗੱਡੀਆਂ ਵਿਚ ਹੀ ਉਪਲਬਧ ਹੈ। ਚਲਦੀ ਗੱਡੀ 'ਚੋਂ ਭਾਰਤ ਵਿਚ ਕਿਤੇ ਵੀ ਗੱਲ ਕਰਨ ਲਈ ਇਕ ਮਿੰਟ ਦੇ 126 ਰੁਪਏ ਅਤੇ ਵਿਦੇਸ਼ਾਂ 'ਚ ਗੱਲ ਕਰਨ ਦੇ ਇਕ ਮਿੰਟ ਦੇ 162 ਰੁਪਏ ਲਏ ਜਾਂਦੇ ਹਨ।

## ਸਰਕਾਰੀ ਮਕਾਨ (ਸਫਾ 1 ਦੀ ਬਾਕੀ)

ਵਿਖਾਇਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਰਾਜ ਦੇ ਕਿਸਾਨਾਂ ਨੂੰ ਉਨ੍ਹਾਂ ਦੀ ਫਸਲ ਦਾ ਵੱਧ ਭਾਅ ਦਿਵਾਉਣ ਲਈ ਕੇਂਦਰ ਸਰਕਾਰ ਨੂੰ ਕਣਕ ਦੇ 100/- ਰੁਪਏ ਪ੍ਰਤੀ ਕੁਇੰਟਲ ਬੋਨਸ ਦੇਣ ਦੀ ਮੰਗ ਕੀਤੀ ਹੈ।

ਸ੍ਰੀ ਮਿੱਤਲ ਨੇ ਇਸ ਮੌਕੇ 'ਤੇ ਬਾਦਲ ਸਰਕਾਰ ਦਾ ਇਹ ਦ੍ਰਿੜ ਨਿਸਚਾ ਦੁਹਰਾਇਆ ਕਿ ਪੰਜਾਬ ਵਿਚ ਕਿਸੇ ਨਾਲ ਵੀ ਬੇਇਨਸਾਫੀ ਨਹੀਂ ਹੋਣ ਦਿਤੀ ਜਾਵੇਗੀ ਅਤੇ ਨਾ ਹੀ ਬਦਲਾ-ਲਊ ਨੀਤੀ ਦੀ ਭਾਵਨਾ ਨਾਲ ਕੰਮ ਕਰੇਗੀ। ਉਨ੍ਹਾਂ ਰਾਜ ਦੇ ਲੋਕਾਂ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਇਕ ਜਵਾਬਦੇਹ ਸਰਕਾਰ ਦੇਣ ਦਾ ਭਰੋਸਾ

Punjabi Sanatani

# ਜ਼ਲੰਧਰ ਰੇਲਵੇ ਸਟੇਸ਼ਨ ਦੇ ਬਾਹਰਵਾਰ ਜ਼ੋਰਦਾਰ ਬੰਬ ਧਮਾਕਾ-6 ਮਰੇ, 12 ਜ਼ਖ਼ਮੀ

ਸਟਾਫ ਰਿਪੋਰਟਰ, ਵਿਸ਼ੇਸ਼ ਪ੍ਰਤੀਨਿਧ

ਜਲੰਧਰ, 14 ਮਾਰਚ-ਰੇਲਵੇ ਸਟੇਸ਼ਨ ਜਲੰਧਰ ਦੇ ਐਨ ਸਾਹਮਣੇ ਅੱਜ ਦੁਪਹਿਰੇ ਹੋਏ ਇਕ ਸ਼ਕਤੀਸ਼ਾਲੀ ਬੰਬ ਧਮਾਕੇ ਵਿਚ 6 ਵਿਅਕਤੀ ਮਾਰੇ ਗਏ ਅਤੇ 12 ਹੋਰ ਜ਼ਖਮੀ ਹੋ ਗਏ ਜਿਨ੍ਹਾਂ ਵਿਚੋਂ ਚਾਰ ਦੀ ਹਾਲਤ ਗੰਭੀਰ ਦੱਸੀ ਗਈ ਹੈ। ਇਹ ਬੰਬ ਧਮਾਕਾ 2497 ਅੱਪ ਸ਼ਾਨੇ ਪੰਜਾਬ ਗੱਡੀ ਦੇ ਅੰਮ੍ਰਿਤਸਰ ਲਈ ਰਵਾਨਾ ਹੋਣ ਤੋਂ ਤੁਰੰਤ ਬਾਅਦ ਅਤੇ 4648 ਡਾਊਨ ਫਲਾਇੰਗ ਮੇਲ ਦੇ ਜਲੰਧਰ ਰੇਲਵੇ ਸਟੇਸ਼ਨ 'ਤੇ ਰੁਕਣ ਸਮੇਂ ਹੋਇਆ।

ਸਰਕਾਰ ਦੇ ਗਠਨ ਤੋਂ ਬਾਅਦ ਪੰਜਾਬ ਵਿਚ ਇਹ ਪਹਿਲਾ ਬੰਬ ਧਮਾਕਾ ਹੈ। ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਸ਼ਾਨੇ ਪੰਜਾਬ ਗੱਡੀ ਦੀਆਂ ਸਵਾਰੀਆਂ ਜਦ ਸਟੇਸ਼ਨ ਤੋਂ ਬਾਹਰ ਨਿਕਲ ਕੇ ਜਾ ਰਹੀਆਂ ਸਨ ਤਾਂ ਕੁਝ ਸਵਾਰੀਆਂ ਸਟੇਸ਼ਨ ਦੇ ਬਾਹਰ ਬਣੇ ਫੁਟਪਾਥਾਂ 'ਤੇ ਖੜ੍ਹੀਆਂ ਸਨ ਤੇ ਵਿਚਕਾਰ ਬਣੇ ਰਸਤੇ ਵਿਚ ਬੀ.ਐਸ.ਐਫ. ਦੀ ਇਕ ਮਾਰੂਤੀ ਜਿਪਸੀ ਤੇ ਕੁਝ ਰਿਕਸ਼ਿਆਂ ਵਾਲੇ ਖੜ੍ਹੇ ਸਨ। ਸਮਝਿਆ ਜਾਂਦਾ ਹੈ ਕਿ ਇਹ ਧਮਾਕਾ ਮਾਰੂਤੀ ਜਿਪਸੀ ਅਤੇ ਰਿਕਸ਼ਿਆਂ ਦੇ ਵਿਚਕਾਰ ਹੋਇਆ। ਜ਼ਖਮੀਆਂ ਨੇ ਦੱਸਿਆ ਕਿ ਬੰਬ ਧਮਾਕਾ ਹੋਣ

## ਧਮਾਕਾ ਦਿੱਲੀਓਂ ਸ਼ਾਨੇ-ਪੰਜਾਬ ਦੇ ਆਉਣ 'ਤੇ ਹੋਇਆ

ਨਾਲ ਚਾਰੇ ਪਾਸੇ ਇਕ ਦਮ ਧੂੰਆਂ ਫੈਲ ਗਿਆ। ਬੰਬ ਧਮਾਕੇ ਨਾਲ ਜ਼ਖਮੀ ਹੋਏ ਵਿਅਕਤੀਆਂ ਦੇ ਬੁਰੀ ਤਰ੍ਹਾਂ ਚੀਥੜੇ ਉਡ ਗਏ ਤੇ ਘਟਨਾ ਸਥਾਨ ਦੇ ਆਲੇ-ਦੁਆਲੇ ਮਨੁੱਖੀ ਮਾਸ ਦੀਆਂ ਬੋਟੀਆਂ ਖਿਲਰੀਆਂ ਪਈਆਂ ਸਨ। ਇਕ ਵਿਅਕਤੀ ਦੀ ਗੋਡੇ ਤੋਂ ਹੇਠਾਂ ਕੱਟੀ ਲੱਤ ਕਰੀਬ 50 ਫੁੱਟ ਦੂਰ ਜਾ ਪਈ ਸੀ। ਆਲੇ-ਦੁਆਲੇ ਖੂਨ ਦੇ ਛੱਪੜ ਲੱਗੇ ਪਏ ਸਨ।

ਵਰਨਣਯੋਗ ਹੈ ਕਿ ਘਟਨਾ ਸਥਾਨ ਤੋਂ ਜੀ.ਆਰ.ਪੀ. ਦਾ ਥਾਣਾ ਮਸਾਂ ਡੇਢ ਸੌ ਫੁੱਟ ਦੀ ਦੂਰੀ 'ਤੇ ਹੈ ਅਤੇ ਇਥੇ ਆਰਜ਼ੀ ਤੌਰ 'ਤੇ ਬੀ.ਐਸ.ਐਫ. ਦਾ ਕੈਂਪ ਵੀ ਮਸਾਂ 30-35 ਫੁੱਟ ਦੂਰੀ 'ਤੇ ਹੈ ਤੇ ਘਟਨਾ ਵਾਲੀ ਜਗ੍ਹਾ ਹਮੇਸ਼ਾ ਰੇਲਵੇ ਪੁਲਿਸ ਖੜ੍ਹੀ ਰਹਿੰਦੀ ਹੈ। ਪਰ ਫਿਰ ਵੀ ਇਹ ਮੰਦਭਾਗੀ ਘਟਨਾ ਵਾਪਰ ਗਈ। ਮਰਨ ਵਾਲਿਆਂ ਵਿਚ ਇਕ ਹੋਮ ਗਾਰਡ ਜਵਾਨ ਸ਼ਾਮਲ ਹੈ ਜੋ ਉਥੇ ਡਿਊਟੀ 'ਤੇ ਤਾਇਨਾਤ ਸੀ।

ਕਰੀਬ 1 ਵਜੇ ਵਾਪਰੀ ਇਸ ਘਟਨਾ ਦਾ ਪਤਾ ਲਗਦਿਆਂ ਹੀ ਐਸ.ਐਸ.ਪੀ. ਸ੍ਰੀ ਦਿਨਕਰ ਗੁਪਤਾ, ਐਸ.ਪੀ.(ਅਪਰੇਸ਼ਨ) ਸ੍ਰੀ ਖੂਬੀ ਰਾਮ, ਐਸ.ਪੀ.(ਡੀ.) ਸ੍ਰੀ ਟੀ.ਪੀ. ਸਿੰਘ ਤੇ ਹੋਰ ਪੁਲਿਸ ਅਧਿਕਾਰੀ ਫੋਰਸ ਲੈ ਕੇ ਮੌਕੇ 'ਤੇ ਪੁੱਜ ਗਏ ਤੇ ਉਨ੍ਹਾਂ ਘਟਨਾ ਖੇਤਰ ਨੂੰ ਘੇਰੇ ਵਿਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ।

ਮਰਨ ਵਾਲਿਆਂ ਵਿਚ ਬਸੰਤ ਗਾਓਂ ਦਿੱਲੀ ਦੇ ਗਿਰਧਾਰੀ ਲਾਲ ਤੇ ਉਸ ਦਾ ਲੜਕਾ ਕੁਲਵਿੰਦਰ, ਹੋਮਗਾਰਡ ਜਵਾਨ ਹੀਰਾ ਸਿੰਘ, ਕਮਲੇਸ਼ ਕੁਮਾਰ, ਬਾਬੂ ਰਾਮ ਅਤੇ ਗਯਾ ਪ੍ਰਸਾਦਿ ਸ਼ਾਮਲ ਹਨ। ਪੰਜਵੇਂ ਮ੍ਰਿਤਕ ਕਮਲੇਸ਼ ਕੁਮਾਰ ਦੀ ਸੱਜੀ ਲੱਤ ਕੱਟੀ ਹੋਈ ਸੀ। ਪੁਲਿਸ ਨੂੰ ਸ਼ੱਕ ਹੈ ਕਿ ਇਹ ਵਿਅਕਤੀ ਹੀ ਬੰਬ ਲੈ ਕੇ ਜਾ ਰਿਹਾ ਹੋ ਸਕਦਾ ਹੈ। ਜ਼ਖਮੀਆਂ ਵਿਚ ਮ੍ਰਿਤਕ ਗਿਰਧਾਰੀ ਲਾਲ ਦੀ ਪਤਨੀ ਗੁਰਮੀਤ ਕੌਰ ਅਤੇ ਪੁੱਤਰ ਬਲਜਿੰਦਰਜੀਤ ਵੀ ਸ਼ਾਮਲ ਹਨ। ਬਾਕੀ ਜ਼ਖਮੀਆਂ ਵਿਚ ਤਿਲਕ ਨਗਰ ਦਿੱਲੀ 120/2 ਦੇ ਵਾਸੀ ਓਮ ਪ੍ਰਕਾਸ਼ ਵਰਮਾ, ਉਸ ਦਾ ਪੁੱਤਰ ਦੀਪਕ ਵਰਮਾ ਅਤੇ ਨੂੰਹ ਸਰੋਜ, ਗ੍ਰਹਿ ਮੰਤਰਾਲਾ ਨਵੀਂ ਦਿੱਲੀ 'ਚ ਕੰਮ ਕਰਦਾ ਵਿਕਟਰ ਪੁੱਤਰ ਸ੍ਰੀ ਯੂਸਫ, ਰਿਕਸ਼ਾ ਚਾਲਕ ਮੋਨਾ ਪੁੱਤਰ ਸ੍ਰੀ ਮੇਵਾ ਲਾਲ (ਯੂ.ਪੀ.), ਬੋਹਰੀ ਲਾਲ ਪੁੱਤਰ ਸ੍ਰੀ ਬਲਵਾਨ ਜ਼ਿਲ੍ਹਾ ਬਹਿਮਈ ਯੂ.ਪੀ., ਰਾਮ ਕੁਮਾਰ, ਬਸਤੀ ਸ਼ੇਖ ਜਲੰਧਰ ਦਾ ਕ੍ਰਿਸ਼ਨ ਲਾਲ ਪੁੱਤਰ ਸ੍ਰੀ ਲਖਮੀ ਚੰਦ, ਗੁਰੂ ਨਾਨਕਪੁਰਾ ਚਗਿਟੀ ਜਲੰਧਰ ਦਾ ਦੌਲਤ ਸਿੰਘ ਅਤੇ ਬੀ.ਐਸ.ਐਫ. ਦਾ ਡਰਾਈਵਰ ਦਵਿੰਦਰ ਪਾਲ ਸ਼ਾਮਿਲ ਹਨ। ਅਣਪਛਾਤੇ ਰਿਕਸ਼ਾ ਚਾਲਕ ਦੀਆਂ ਦੋਵੇਂ ਲੱਤਾਂ ਕੱਟੀਆਂ ਗਈਆਂ ਸਨ ਤੇ ਉਹ ਹਸਪਤਾਲ ਲਿਜਾਂਦਿਆਂ ਰਸਤੇ ਵਿਚ ਹੀ ਦਮ ਤੋੜ ਗਿਆ ਜਦਕਿ ਬਾਕੀ ਪੰਜਾਂ ਜਣਿਆਂ ਦੀ ਹਸਪਤਾਲ ਜਾ ਕੇ ਮੌਤ ਹੋਈ।

ਰੇਲਵੇ ਅਧਿਕਾਰੀਆਂ ਅਤੇ ਰੇਲਵੇ ਪੁਲਿਸ ਨੇ ਇਕਦਮ ਜ਼ਖਮੀਆਂ ਨੂੰ ਹਸਪਤਾਲ ਪੁਚਾਉਣ ਦਾ ਪ੍ਰਬੰਧ ਕੀਤਾ। ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਬੰ ਧਮਾਕਾ ਬੜੇ ਜ਼ੋਰ ਨਾਲ ਹੋਇਆ ਤੇ ਚਾਰੇ ਪਾਸੀਂ ਚੀ ਚਿਹਾੜਾ ਪੈ ਗਿਆ। ਚਾਰੇ ਪਾਸੀਂ ਭਗਦੜ ਮੱਚ ਗਈ ਜ਼ਖਮੀਆਂ ਦੇ ਚੀਥੜੇ ਉਡੇ ਪਏ ਸਨ। ਘਟਨਾ ਸਥਾ 'ਤੇ ਡੁੱਲ੍ਹੇ ਖੂਨ ਦੇ ਛੱਪੜ ਵੀ ਜ਼ਖਮੀਆਂ ਦੀ ਹਾਲ ਬਿਆਨ ਕਰ ਰਹੇ ਸਨ।

ਇਸ ਮੌਕੇ ਐਸ.ਐਸ.ਪੀ. ਸ੍ਰੀ ਦਿਨਕਰ ਗੁਪਤ ਨੇ ਦੱਸਿਆ ਕਿ ਇਹ ਇਕ ਦੇਸੀ ਬੰਬ ਸੀ ਜਿਹੜਾ ਕਿ ਇਕ ਬੈਗ ਵਿਚ ਰੱਖਿਆ ਹੋਇਆ ਸੀ ਤੇ ਇਹ ਉਸ ਸ ਫਟਿਆ ਜਦੋਂ ਉਸ 'ਤੇ ਕਿਸੇ ਚੀਜ਼ ਦਾ ਭਾਰ ਪਿਆ ਇਸ ਦੌਰਾਨ ਬੀ. ਐਸ. ਐਫ. ਹੈਡਕੁਆਰਟਰ ਦ ਜਿਪਸੀ ਨੰ: ਐਚ. ਆਰ. 2-ਸੀ 7977 ਬੁਰੀ ਤਰ੍ਹ ਪ੍ਰਭਾਵਿਤ ਹੋਈ। ਹੋਰ ਸੂਚਨਾ ਅਨੁਸਾਰ ਇਹ ਗੱਡੀ ਬੀ ਐਸ.ਐਫ. ਦਾ ਡਰਾਈਵਰ ਦਵਿੰਦਰ ਸਿੰਘ ਲੈ ਕੇ ਕਿ ਨੂੰ ਸਟੇਸ਼ਨ 'ਤੇ ਉਨ੍ਹਾਂ ਦੇ ਲੱਗੇ ਇਕ ਕੈਂਪ 'ਤੇ ਛੱਡਣ ਗਿਆ ਸੀ ਤੇ ਜਦੋਂ ਉਹ ਜੀਪ ਨੇੜੇ ਪੁੱਜ ਰਿਹਾ ਸੀ ਤ ਬੰਬ ਧਮਾਕਾ ਹੋ ਗਿਆ। ਬੀ.ਐਸ.ਐਫ. ਦੇ ਅਧਿਕਾਰ ਅਨੁਸਾਰ ਉਸ ਦੀ ਲੱਤ ਵਿਚ ਸੱਟ ਲੱਗੀ ਤੇ ਉਸ ਨੂੰ ਬੀ ਐਸ. ਐਫ. ਦੇ ਜਵਾਨ ਚੁੱਕ ਕੇ ਲੈ ਗਏ ਸਨ। ਇਸ ਜਿਪਸੀ ਦੇ ਸੱਜੇ ਪਾਸੇ ਦੇ ਦੋਵੇਂ ਟਾਇਰ ਪੰਚਰ ਹੋ ਚੁੱਕੇ ਸਨ

## ਬਾਦਲ ਵੱਲੋਂ ਬੰਬ ਧਮਾਕੇ ਦੀ ਜ਼ੋਰਦਾਰ ਨਿਖੇਧੀ

ਤੇ ਬੰਬ ਦੇ ਟੁਕੜੇ ਲੱਗਣ ਕਾਰਨ ਕਾਫੀ ਛੇਕ ਹੋਏ ਪਏ ਸਨ। ਜੀਪ ਦੀ ਉਪਰਲੀ ਬੱਤੀ ਵੀ ਟੁੱਟ ਗਈ ਸੀ।

ਪੁਲਿਸ ਅਧਿਕਾਰੀਆਂ ਦੇ ਦੱਸਣ ਅਨੁਸਾਰ ਇਹ ਦੇਸੀ ਬੰਬ ਸੀ ਤੇ ਇਹ ਬੰਬ ਜ਼ਮੀਨ ਤੋਂ ਉੱਪਰ ਹੀ ਚਲਿਆ ਹੈ। ਉਨ੍ਹਾਂ ਦਾ ਅੰਦਾਜ਼ਾ ਹੈ ਕਿ ਇਹ ਬੰਬ ਬੈਗ ਵਿਚ ਲਿਜਾਂਦੇ ਸਮੇਂ ਚਲਿਆ। ਬੈਗ ਦਾ ਤੀਲਾ ਤੀਲਾ ਹੋਇਆ ਘਟਨਾ ਸਥਾਨ 'ਤੇ ਪਿਆ ਸੀ।

ਬੀ.ਐਸ.ਐਫ. ਦੀ ਜਿਪਸੀ ਐਚ.ਆਰ.26 ਸੀ 7977 ਦੇ ਸੱਜੇ ਪਾਸੇ ਬੰਬ ਦੇ ਵੱਜਣ ਨਾਲ ਉਸ ਦੇ ਦੋਵੇਂ ਟਾਇਰ ਫਟ ਗਏ ਤੇ ਗੱਡੀ ਨੂੰ ਕਾਫੀ ਨੁਕਸਾਨ ਪੁੱਜਾ। ਧਮਾਕੇ ਸਮੇਂ ਜਿਪਸੀ ਦਾ ਡਰਾਈਵਰ ਦੇਵਿੰਦਰ ਪਾਲ ਡਰਾਈਵਰ ਸੀਟ ਉਪਰ ਬੈਠਾ ਦਸਿਆ ਸੀ ਤੇ ਉਸ ਦੀ ਲੱਤ ਉਪਰ ਵੱਡਾ ਜ਼ਖਮ ਆਇਆ।

ਘਟਨਾ ਦੀ ਖਬਰ ਸਾਰੇ ਸ਼ਹਿਰ ਵਿਚ ਇਕਦਮ ਜੰਗਲ ਦੀ ਅੱਗ ਵਾਂਗ ਫੈਲ ਗਈ ਅਤੇ ਰੇਲਵੇ ਰੋਡ 'ਤੇ ਲੋਕਾਂ ਦੀ ਭਾਰੀ ਭੀੜ ਜਮ੍ਹਾਂ ਹੋ ਗਈ।

### ਡੋਗਰਾ ਵੱਲੋਂ ਮੌਕੇ ਦਾ ਜਾਇਜ਼ਾ

ਡਾਇਰੈਕਟਰ ਜਨਰਲ ਪੰਜਾਬ ਪੁਲਿਸ ਸ੍ਰੀ ਪੀ.

(ਬਾਕੀ ਸਫਾ 11 ਕਾਲਮ 1)


Punjabi Sanatani

ਸ਼ੁੱਕਰਵਾਰ ਨੂੰ ਜਲੰਧਰ ਰੇਲਵੇ ਸਟੇਸ਼ਨ ਦੇ ਬਾਹਰ ਹੋਏ ਜ਼ਬਰਦਸਤ ਬੰਬ ਧਮਾਕੇ ਵਾਲੀ ਥਾਂ ਦਾ ਪੁਲਿਸ ਅਧਿਕਾਰੀ ਮੁਆਇਨਾ ਕਰਦੇ ਹੋਏ। ਤਸਵੀਰਾਂ : ਆਰ.ਐਨ.ਸਿੰਘ

## ਧਮਾਕਾ (ਸਫਾ 1 ਦੀ ਬਾਕੀ)

ਦੱਸਿਆ ਗਿਆ ਹੈ ਕਿ ਬਿਜਲਈ ਡੈਟੋਨੇਟਰ, ਹਲਕੇ ਸਵਿਚ ਕਿਵੇਂ ਵਰਤਣੇ ਹਨ ਅਤੇ ਬਾਰੂਦੀ ਸੁਰੰਗਾਂ ਕਿਵੇਂ ਵਿਛਾਉਣੀਆਂ ਹਨ।

ਭਾਰਤੀ ਏਜੰਸੀਆਂ ਦੀ ਜਾਣਕਾਰੀ ਅਨੁਸਾਰ ਇਸ ਜਥੇਬੰਦੀ ਨੇ 1995 ਵਿਚ ਆਪਣੇ ਕਾਰਕੁਨ ਭਾਰਤ ਭੇਜਣੇ ਸ਼ੁਰੂ ਕੀਤੇ ਅਤੇ ਹੁਣ ਤੱਕ ਇਸ ਦੇ 20 ਕੱਟੜ ਖਾੜਕੂ ਭਾਰਤ ਵਿਚ ਦਾਖਲ ਹੋ ਚੁੱਕੇ ਹਨ।

ਸੂਤਰਾਂ ਨੇ ਦੱਸਿਆ ਕਿ ਲਸ਼ਕਰ ਦੇ ਇਕ ਕਾਰਕੁਨ ਨੂੰ ਅਬੂ ਸ਼ਾਹਿਦ ਉਰਫ ਜੁਨੈਦ ਨੂੰ ਕਿਹਾ ਗਿਆ ਕਿ ਉਹ ਦਿੱਲੀ ਵਿਚ ਮੁਸਲਮਾਨ ਬਣ ਕੇ ਰਹੇ ਜਦੋਂ ਕਿ ਉਹ ਜੇਹਲਮ (ਪਾਕਿਸਤਾਨ) ਦਾ ਵਸਨੀਕ ਸੀ। ਉਸ ਨੂੰ ਹਦਾਇਤ ਕੀਤੀ ਗਈ ਕਿ ਉਹ ਦਿੱਲੀ ਵਿਚ ਕਿਸੇ ਕੁੜੀ ਨਾਲ ਵਿਆਹ ਕਰਵਾ ਲਵੇ। ਐਸ. ਟੀ. ਡੀ. ਪੀ. ਸੀ. ਓ. ਲਾ ਕੇ ਇਸ ਮੁਸਲਿਮ ਬਸਤੀ ਵਿਚ ਵਸ ਜਾਵੇ। ਲਸ਼ਕਰ ਦੇ ਕੁਝ ਹੋਰ ਕਾਰਕੁਨਾਂ ਦੀ ਪਛਾਣ ਮੁਹੰਮਦ ਮੋਹਸਿਨ ਮਲਿਕ ਉਰਫ ਪੱਪੂ, ਉਰਫ ਦਰਸ਼ਨ ਲਾਲ, ਅਬੂ ਇਬਾਦ ਅਤੇ ਅਬੂ ਕਾਸ਼ਾ ਅਤੇ ਅਬੂ ਸੈਫਉਲਾ ਦਾਰ ਵਜੋਂ ਕੀਤੀ ਗਈ ਹੈ। ਸੂਹੀਆ ਏਜੰਸੀਆਂ ਨੇ ਭਾਰਤ ਵਿਚਲੇ ਇਨ੍ਹਾਂ ਦੇ ਅਨੇਕਾਂ ਸੰਪਰਕ ਸੂਤਰਾਂ ਦਾ ਪਤਾ ਲਾਇਆ ਹੈ।

Punjabi Sanatani

# ਰ ਧਮਾਕੇ ਪਿੱਛੇ 'ਖਾਲਿਸਤਾਨ ਕਸ਼ਮੀਰ ਇੰਟਰਨੈਸ਼ਨਲ' ਦਾ ਹੱਥ

ਮਾਰਚ-ਯੂ.ਐਨ.ਆਈ.)ਜਲੰਧਰ
ਵਾਰ ਨੂੰ ਹੋਏ ਬੰਬ ਧਮਾਕੇ ਪਿਛੇ
ਮੁਖੀ ਪੀ.ਸੀ. ਡੋਗਰਾ ਨੇ ਲਸ਼ਕਰ ਏ
ਕਸ਼ਮੀਰ ਵਿਚਲੀ ਰੂਪੋਸ਼ ਖਾੜਕੂ
ਹੋਣ ਦਾ ਸੰਕੇਤ ਦਿੱਤਾ ਸੀ,
ਹੌਰ ਸਥਿਤ ਮਰਕਜ਼ ਅਲ ਇਰਸ਼ਾਦ
ਵਿੰਗ ਹੈ। ਇਹ ਜਥੇਬੰਦੀ ਪ੍ਰੋ: ਹਫੀਜ਼
ਨੇ 1986 ਵਿਚ ਕਾਇਮ ਕੀਤੀ ਸੀ।
ਨੂੰ ਸੰਦੇਹ ਹੈ ਕਿ ਜਲੰਧਰ ਬੰਬ ਕਾਂਡ
ਵੱਲੋਂ ਸਿੱਖ ਯੂਥ ਫੈਡਰੇਸ਼ਨ ਨਾਲ
ਲਿਸਤਾਨ ਕਸ਼ਮੀਰ ਇੰਟਰਨੈਸ਼ਨਲ
ਹੋ ਸਕਦਾ ਹੈ।
ਖੀ ਵਿਰੁ ਸੰਸਥਾ ਦਾ ਹੈਡਕੁਆਰਟਰ
ਰਾ ਵਿਖੇ ਹੈ ਅਤੇ ਇਸ ਦਾ ਉਦੇਸ਼
ਥਾਂ ਸਰਦਾਰੀ ਕਾਇਮ ਕਰਨਾ ਹੈ।
ਦਾ ਅਰਥ 'ਮੁਕੱਦਸ ਫੌਜ ਹੈ'। ਇਹ
ਦੇ ਪੁਰਾਣੇ ਨਾਂਅ 'ਤੇ ਰਖਿਆ
ਾਨ ਦੀ ਖੁਫੀਆ ਏਜੰਸੀ ਆਈ.
ਹਦਾਇਤਾਂ ਤੇ ਚਲਦੀ ਇਸ ਦੀ
ਬੰਦੀ ਨਹੀਂ ਹੈ। ਸਾਊਦੀ ਅਰਬ ਅਤੇ
ਹਿਸਿਆਂ ਵਿਚ ਰਹਿੰਦੇ ਮੁਸਲਮਾਨ
ਭੇਜਦੇ ਹਨ। ਇਸ ਦੇ ਕਈ ਥਾਂ
ਜਿਨ੍ਹਾਂ ਨੂੰ ਮੁੱਖ ਤੌਰ 'ਤੇ ਸਾਊਦੀ
ਹੈ। ਇਹ ਜਾਣਕਾਰੀ ਇੰਟੈਲੀਜੈਂਸ
ਸੀਆਂ ਨੇ ਦਿੱਤੀ ਹੈ।

ਇਕ ਪਾਕਿਸਤਾਨੀ ਪੱਤਰਕਾਰ ਨੇ ਕਿਹਾ ਸੀ ਕਿ ਲਸ਼ਕਰ ਦੇ ਟਰੇਨਿੰਗ ਸੈਂਟਰ ਨੂੰ ਲਾਹੌਰ ਤੋਂ ਲਾਂਭੇ ਬਿਲਕੁਲ ਗੁਪਤ ਥਾਂ ਬਣਾਇਆ ਗਿਆ ਹੈ ਅਤੇ ਹਰ ਵੇਲੇ ਉਥੇ ਇਕ ਹਜ਼ਾਰ ਦੇ ਕਰੀਬ ਲੋਕਾਂ ਨੂੰ ਸਿਖਲਾਈ ਦਿੱਤੀ ਜਾ ਰਹੀ ਹੁੰਦੀ ਹੈ। ਲਾਹੌਰ ਸਥਿਤ ਉਰਦੂ ਦੇ ਹਫਤਾਵਾਰੀ 'ਆਜ ਕੱਲ੍ਹ' ਦੇ ਸੰਪਾਦਕ ਖਾਲਿਦ ਅਹਿਮਦ ਨੇ ਕਿਹਾ ਕਿ ਇਸ ਜਥੇਬੰਦੀ ਕੋਲ ਸੂਰਜੀ ਊਰਜਾ ਨਾਲ ਚਲਣ ਵਾਲੇ ਰਾਕਟ ਮੌਜੂਦ ਹਨ। ਇਸ ਕੋਲ ਏਨੀ ਸਮਰੱਥਾ ਹੈ ਕਿ ਇਹ ਜਥੇਬੰਦੀ ਰੈਲੀ ਦਾ ਸੱਦਾ ਦੇ ਕੇ 10 ਲੱਖ ਲੋਕਾਂ ਨੂੰ ਇਕੱਤਰ ਕਰ ਸਕਦੀ ਹੈ। ਇਸ ਜਥੇਬੰਦੀ ਨੇ ਐਲਾਨ ਕੀਤਾ ਹੈ ਕਿ ਪਾਕਿਸਤਾਨ ਵਿਚੋਂ ਜਮਹੂਰੀਅਤ ਖਤਮ ਕੀਤੀ ਜਾਣੀ ਚਾਹੀਦੀ ਹੈ।

ਮਰਕਜ਼ ਦਾਅਵਤ ਉਲ ਇਰਸ਼ਾਦ ਅਤੇ ਲਸ਼ਕਰੇ ਤੋਇਬਾ ਦੇ ਕਾਰਕੁੰਨਾਂ ਨੇ ਦਿੱਲੀ ਅਤੇ ਜੈਪੁਰ ਦੇ ਅੱਧ ਵਿਚ ਸਥਿਤ ਨੀਮਰਾਣਾ ਵਿਖੇ ਮੀਟਿੰਗ ਕੀਤੀ ਸੀ ਅਤੇ 8 ਦਿਨਾ ਵਰਕਸ਼ਾਪ ਵਿਚ ਦੱਖਣ ਏਸ਼ੀਆਈ ਸੁਰੱਖਿਆ ਟੈਕਨਾਲੋਜੀ ਅਤੇ ਹਥਿਆਰਾਂ 'ਤੇ ਕੰਟਰੋਲ ਬਾਰੇ ਵਿਚਾਰ-ਵਟਾਂਦਰਾ ਕੀਤਾ। ਇਸ ਮੀਟਿੰਗ ਵਿਚ ਚੀਨ, ਭਾਰਤ ਅਤੇ ਪਾਕਿਸਤਾਨ ਦੇ ਡੈਲੀਗੇਟ ਅਤੇ ਦੱਖਣੀ ਏਸ਼ੀਆਈ ਮਾਮਲਿਆਂ ਬਾਰੇ ਅਮਰੀਕੀ ਅਤੇ ਬਰਤਾਨਵੀ ਮਾਹਿਰ ਸ਼ਾਮਿਲ ਹੋਏ ਸਨ। ਪਾਕਿਸਤਾਨੀ ਵਫਦ ਵਿਚ ਬਹੁਤੇ ਪੱਤਰਕਾਰ ਅਤੇ ਕੁਝ ਵਿਦਵਾਨ ਸਨ। ਸੂਹੀਆ ਸੂਤਰਾਂ ਅਨੁਸਾਰ ਲਸ਼ਕਰ ਦੇ ਏਜੰਟਾਂ ਦਾ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਆਗੂ ਲਖਬੀਰ ਸਿੰਘ ਰੋਡੇ ਨਾਲ ਸਮਝੌਤਾ ਹੋ ਗਿਆ ਹੈ ਅਤੇ ਉਨ੍ਹਾਂ ਨੇ ਖਾਲਿਸਤਾਨ ਕਸ਼ਮੀਰ ਇੰਟਰਨੈਸ਼ਨਲ ਨਾਂਅ ਦੀ ਜਥੇਬੰਦੀ ਬਣਾ ਕੇ ਮਿਲ ਕੇ ਚੱਲਣ ਦਾ ਫੈਸਲਾ ਕੀਤਾ। ਪਿਛਲੇ ਸਾਲ ਪਠਾਨਕੋਟ-ਜੰਮੂ ਸੜਕ ਤੋਂ ਬੀ.ਐਸ.ਐਫ. ਦੇ ਜਸੂਸਾਂ ਨੇ ਦੋ ਘੁਸਪੈਠੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ ਖਾਲਿਸਤਾਨ ਕਸ਼ਮੀਰ ਇੰਟਰਨੈਸ਼ਨਲ (ਕੇ.ਕੇ.ਆਈ.) ਦੇ ਲੈਟਰਪੈਡ ਬਰਾਮਦ ਕੀਤੇ ਸਨ। ਸੂਤਰਾਂ ਨੇ ਕਿਹਾ ਕਿ ਕੇ.ਕੇ.ਆਈ. ਦੇ ਕਾਰਕੁਨਾਂ ਦੇ ਭੇਸ ਵਟਾ ਕੇ ਹਿੰਦੂ ਅਤੇ ਸਿੱਖ ਬਣਾਏ ਗਏ ਅਤੇ ਲਖਬੀਰ ਸਿੰਘ ਰੋਡੇ ਨੇ ਕੁਝ ਕਾਰਕੁਨਾਂ ਨੂੰ ਪੱਗ ਬੰਨ੍ਹਣੀ, ਗੁਰਮੁਖੀ ਲਿਖੀ ਵਿਚ ਪੰਜਾਬੀ ਲਿਖਣੀ ਸਿਖਾਈ। ਦੌਰੇ ਆਮ ਦੌਰਾਨ ਲਸ਼ਕਰ ਏ ਤੋਇਬਾ ਦੇ ਕਾਰਕੁਨਾਂ ਦਾ ਤਿੰਨ ਹਫਤੇ ਦਾ ਸਿਖਲਾਈ ਕੈਂਪ ਲਾਇਆ ਗਿਆ। 'ਦੌਰੇ ਖਾਸ' ਨਾਂਅ ਦਾ ਕੈਂਪ ਮੁਜ਼ੱਫਰਾਬਾਦ ਵਿਚ ਲਾਇਆ ਗਿਆ ਜਿਸ ਵਿਚ ਸੌ ਤੋਂ ਡੇਢ ਸੌ ਕਾਰਕੁਨਾਂ ਨੂੰ ਸਿਖਲਾਈ ਦਿਤੀ ਗਈ। ਹੋਰਨਾਂ ਗੱਲਾਂ ਤੋਂ ਇਲਾਵਾ ਇਨ੍ਹਾਂ ਨੂੰ ਗੁਰੀਲਾ ਜੰਗ, ਛਾਪੇ ਮਾਰਨ, ਘਾਤ ਲਾਉਣੀ, ਨਕਸ਼ੇ ਪੜ੍ਹਨ, ਹੱਥੋ-ਹੱਥ ਲੜਾਈ ਅਤੇ ਘੋੜ ਸਵਾਰੀ ਦੀ ਸਿਖਲਾਈ ਦਿੱਤੀ ਗਈ। ਇੰਨ੍ਹਾਂ ਨੂੰ ਹਰ ਕਿਸਮ ਦੇ ਅਤਿ ਆਧੁਨਿਕ ਹਥਿਆਰ ਚਲਾਉਣ ਦੀ 15 ਦਿਨਾਂ ਤੱਕ ਸਿਖਲਾਈ ਅਫਗਾਨਿਸਤਾਨ ਦੀਆਂ ਪਹਾੜੀਆਂ ਵਿਚ ਦਿੱਤੀ ਗਈ।

ਸਿਖਲਾਈ ਦੇ ਤੀਜੇ ਗੇੜ ਵਿਚ ਫੌਜੀ ਅਫਸਰਾਂ ਵਲੋਂ ਮੁਜ਼ੱਫਰਾਬਾਦ ਵਿਚ ਬਾਰੂਦੀ ਸਮੱਗਰੀ ਲਿਜਾਣ ਅਤੇ ਚਲਾਉਣ ਦੀ ਸਿਖਲਾਈ ਦਿਤੀ ਗਈ। ਇਹ ਵੀ

(ਬਾਕੀ ਸਫਾ 9 ਕਾਲਮ 6)

Punjabi Sanatani

## ਬੰਬ ਧਮਾਕਾ (ਸਫਾ 1 ਦੀ ਬਾਕੀ)

ਕੁਲਦੀਪ ਸਿੰਘ ਦੇ ਟਰੰਕ ਵਿਚ ਸੀ ਜੋ ਬੱਸ ਦੇ ਪਿਛਲੇ ਹਿੱਸੇ 'ਚ ਰੱਖਿਆ ਹੋਇਆ ਸੀ। ਇਹ ਗੰਨਰ ਕਠੂਆ ਦੇ ਪਿੰਡ ਦਿਲਾਵਰ ਦਾ ਰਹਿਣ ਵਾਲਾ ਸੀ। ਪੁਲਿਸ ਇਸ ਸੰਭਾਵਨਾ ਦੀ ਵੀ ਜਾਂਚ ਕਰ ਰਹੀ ਹੈ ਕਿ ਸ਼ਾਇਦ ਉਕਤ ਫੌਜੀ ਆਪਣੇ ਯੂਨਿਟ ਤੋਂ ਕੋਈ ਧਮਾਕਾਖੇਜ਼ ਪਦਾਰਥ ਚੋਰੀ ਕਰਕੇ ਲਿਆ ਰਿਹਾ ਹੋਵੇ।

ਖੁਫੀਆ ਏਜੰਸੀਆਂ ਅਨੁਸਾਰ ਇਸ ਬੰਬ ਧਮਾਕੇ ਪਿੱਛੇ ਜੰਮੂ-ਕਸ਼ਮੀਰ ਦੇ ਅੱਤਵਾਦੀਆਂ ਦਾ ਹੱਥ ਹੋਣ ਦਾ ਸ਼ੰਕਾ ਹੈ।

ਇਸ ਸਾਲ ਪੰਜਾਬ ਵਿਚ ਇਹ ਦੂਜਾ ਬੰਬ ਧਮਾਕਾ ਹੈ। ਇਸ ਤੋਂ ਪਹਿਲਾਂ 14 ਮਾਰਚ ਨੂੰ ਜਲੰਧਰ ਵਿਚ ਰੇਲਵੇ ਸਟੇਸ਼ਨ ਦੇ ਐਨ ਬਾਹਰਵਾਰ ਹੋਏ ਜ਼ਬਰਦਸਤ ਬੰਬ ਧਮਾਕੇ ਵਿਚ [illegible] ਵਿਅਕਤੀ ਮਾਰੇ ਗਏ ਸਨ।

ਹੋਰ ਸੂਚਨਾ ਅਨੁਸਾਰ ਗੰਭੀਰ ਰੂਪ ਵਿਚ ਜ਼ਖਮੀ ਹੋਏ ਦੋ ਵਿਅਕਤੀਆਂ ਨੂੰ ਪਠਾਨਕੋਟ ਦੇ ਸੈਨਿਕ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਹੈ। ਕੁਝ ਜ਼ਖਮੀ ਅੰਮ੍ਰਿਤਸਰ ਵੀ ਭੇਜੇ ਗਏ ਹਨ।

ਪੰਜਾਬ ਪੁਲਿਸ ਦੇ ਆਈ.ਜੀ. ਸ੍ਰੀ ਐਸ. ਐਸ. ਭੁੱਲਰ ਅਤੇ ਐਸ. ਐਸ. ਪੀ. ਸ੍ਰੀ ਗੌਰਵ ਯਾਦਵ ਨੇ ਵੀ ਘਟਨਾ ਸਥਾਨ ਦਾ ਦੌਰਾ ਕਰਨ ਤੋਂ ਬਾਅਦ ਪੱਤਰਕਾਰਾਂ ਨੂੰ ਦੱਸਿਆ ਕਿ ਇਹ ਟਾਈਮ ਬੰਬ ਨਹੀਂ ਸੀ, ਇਹ ਜੰਮੂ-ਕਸ਼ਮੀਰ ਦੇ ਅਤੱਵਾਦੀਆਂ ਵੱਲੋਂ ਰੱਖਿਆ ਹੋ ਸਕਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਜੇ ਤੱਕ ਕਿਸੇ ਵੀ ਅੱਤਵਾਦੀ ਜਥੇਬੰਦੀ ਨੇ ਇਸ ਦੀ ਜ਼ਿੰਮੇਵਾਰੀ ਨਹੀਂ ਲਈ।

# ਧਮਾਕੇ ਲਈ ਦੇਸੀ ਬੰਬ ਦੀ ਵਰਤੋਂ ਕੀਤੀ ਗਈ-ਡੋਗਰਾ

ਘਟਨਾ ਸਥਾਨ ਦਾ ਦੌਰਾ ਕੀਤਾ ਅਤੇ ਜ਼ਖਮੀਆਂ ਨੂੰ ਦੇਖਣ ਸਿਵਲ ਹਸਪਤਾਲ ਪਠਾਨਕੋਟ ਗਏ। ਬਾਅਦ ਵਿਚ ਪੀ.ਡਬਲਿਊ ਡੀ.ਰੈਸਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਪੰਜਾਬ ਸਰਕਾਰ ਵੱਲੋਂ ਬੰਬ ਧਮਾਕੇ ਵਿਚ ਮਾਰੇ ਗਏ ਵਿਅਕਤੀਆਂ ਨੂੰ 50-50 ਹਜ਼ਾਰ ਰੁਪਏ, ਗੰਭੀਰ ਜ਼ਖਮੀਆਂ ਨੂੰ 20-20 ਹਜ਼ਾਰ ਰੁਪਏ ਤੇ ਜ਼ਖਮੀਆਂ ਨੂੰ 5-5 ਹਜ਼ਾਰ ਰੁਪਏ ਦੇਣ ਦਾ ਐਲਾਨ ਕੀਤਾ ਗਿਆ। ਉਨ੍ਹਾਂ ਇਹ ਵੀ ਕਿਹਾ ਕਿ ਜ਼ਖਮੀਆਂ ਦਾ ਮੁਫਤ ਇਲਾਜ ਕੀਤਾ ਜਾਵੇਗਾ ਅਤੇ ਪ੍ਰਸ਼ਾਸਨ ਨੂੰ ਹਦਾਇਤਾਂ ਕੀਤੀਆਂ ਗਈਆਂ ਕਿ ਦਵਾਈਆਂ ਰੈੱਡ ਕਰਾਸ ਵਿਚੋਂ ਦਿੱਤੀਆਂ ਜਾਣ। ਉਨ੍ਹਾਂ ਇਸ ਮੌਕੇ 'ਤੇ ਇਸ ਬੰਬ ਧਮਾਕੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਕਿਸੇ ਵੀ ਕੀਮਤ 'ਤੇ ਪੰਜਾਬ ਦਾ ਅਮਨ-ਚੈਨ ਭੰਗ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਬਾਦਲ ਸਰਕਾਰ ਇਸ ਪ੍ਰਤੀ ਗੰਭੀਰ ਹੈ। ਉਨ੍ਹਾਂ ਸ਼ੱਕ ਜ਼ਾਹਰ ਕੀਤਾ ਕਿ ਇਸ ਕਾਰਵਾਈ ਵਿਚ ਜੰਮੂ-ਕਸ਼ਮੀਰ ਦੇ ਅੱਤਵਾਦੀਆਂ ਦਾ ਹੱਥ ਹੋ ਸਕਦਾ ਹੈ ਅਤੇ ਇਹ ਕਾਰਵਾਈਆਂ ਸਰਹੱਦੋਂ ਪਾਰ ਦੇ ਇਸ਼ਾਰਿਆਂ 'ਤੇ ਹੋ ਰਹੀਆਂ ਹਨ ਜੋ ਲੋਕ ਪੰਜਾਬ ਦੇ ਅਮਨ-ਚੈਨ, ਸ਼ਾਂਤੀ ਤੇ ਏਕਤਾ ਭੰਗ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਕਰੜੇ ਹੱਥੀਂ ਲਿਆ ਜਾਵੇਗਾ। ਉਨ੍ਹਾਂ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ। ਇਸ ਮੌਕੇ ਉਨ੍ਹਾਂ ਨਾਲ ਪਠਾਨਕੋਟ ਦੇ ਵਿਧਾਇਕ ਮਾਸਟਰ ਮੋਹਨ ਲਾਲ, ਹਲਕਾ ਨਰੋਟ ਮਹਿਰਾ ਦੇ ਵਿਧਾਇਕ ਮਾਸਟਰ ਰਾਮ ਲਾਲ ਅਤੇ ਕਾਂਗਰਸੀ ਆਗੂ ਰਾਮ ਸਵਰੂਪ ਧਾਮੀ ਵੀ ਮੌਜੂਦ ਸਨ।

## ਮਜੀਠਾ ਵੱਲੋਂ ਨਿੰਦਾ

ਅੰਮ੍ਰਿਤਸਰ-(ਵਿ. ਪ੍ਰ.) ਪੰਜਾਬ ਦੇ ਮਾਲ ਅਤੇ ਮੁੜ-ਵਸੇਬਾ ਮੰਤਰੀ ਸ: ਪ੍ਰਕਾਸ਼ ਸਿੰਘ ਮਜੀਠਾ ਅਤੇ ਸਹਿਕਾਰਤਾ ਮੰਤਰੀ ਸ: ਰਣਜੀਤ ਸਿੰਘ ਬ੍ਰਹਮਪੁਰਾ ਨੇ ਅੱਜ ਪਠਾਨਕੋਟ ਨੇੜੇ ਇਕ ਬੱਸ ਵਿਚ ਹੋਏ ਬੰਬ ਧਮਾਕੇ ਦੀ ਜ਼ੋਰਦਾਰ ਨਿੰਦਾ ਕੀਤੀ ਹੈ।

ਵੱਖ-ਵੱਖ ਬਿਆਨਾਂ ਰਾਹੀਂ ਦੋਹਾਂ ਮੰਤਰੀਆਂ ਨੇ ਬੰਬ ਧਮਾਕੇ 'ਚ ਮਰਨ ਵਾਲੇ ਵਿਅਕਤੀਆਂ ਦੇ ਪਰਿਵਾਰਾਂ ਨਾਲ ਡੂੰਘੀ ਹਮਦਰਦੀ ਪ੍ਰਗਟ ਕੀਤੀ। ਉਨ੍ਹਾਂ ਨੇ ਲੋਕਾਂ ਨੂੰ ਸੂਬੇ ਅਤੇ ਮੁਲਕ ਵਿਚ ਗੜਬੜ ਕਰਵਾਉਣ ਲਈ ਯਤਨਸ਼ੀਲ ਤਾਕਤਾਂ ਤੋਂ ਸੁਚੇਤ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਦੇ ਅਮਨ ਨੂੰ ਅੱਗ ਲਾਉਣ ਵਾਲੀ ਕਿਸੇ ਵੀ ਕੋਸ਼ਿਸ਼ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਕਪੂਰਥਲਾ-ਇਕ ਪ੍ਰੈਸ ਨੋਟ ਰਾਹੀਂ ਤਕਨੀਕੀ ਸਿੱਖਿਆ ਮੰਤਰੀ ਡਾ: ਉਪਿੰਦਰਜੀਤ ਕੌਰ ਨੇ ਪਠਾਨਕੋਟ ਨੇੜੇ ਹੋਏ ਬੰਬ ਧਮਾਕੇ ਦੀ ਸਖਤ ਨਿੰਦਾ ਕਰਦਿਆਂ ਆਖਿਆ ਕਿ ਅਮਨ-ਪ੍ਰਸੰਦ ਰਾਜ ਵਿਚ ਇਹੋ ਜਿਹੀਆਂ ਭੰਨ-ਤੋੜ ਦੀਆਂ ਕਾਰਵਾਈਆਂ ਕਰਨ ਵਾਲਿਆਂ ਨੂੰ ਕਿਸੇ ਤਰ੍ਹਾਂ ਵੀ ਮੁਆਫ ਨਹੀਂ ਕੀਤਾ ਜਾਵੇਗਾ।

## ਬੰਬ ਧਮਾਕੇ ਦੀ ਨਿੰਦਾ

ਜਲੰਧਰ-(ਅ. ਬ.) ਸ: ਸਰੂਪ ਸਿੰਘ, ਮਕਾਨ ਉਸਾਰੀ ਸ਼ਹਿਰੀ ਵਿਕਾਸ ਮੰਤਰੀ, ਪੰਜਾਬ ਨੇ ਅੱਜ ਪਠਾਨਕੋਟ ਦੇ ਨੇੜੇ ਇਕ ਬੱਸ ਵਿਚ ਹੋਏ ਬੰਬ ਧਮਾਕੇ ਦੀ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕਰਦੇ ਹੋਏ ਕਿਹਾ ਕਿ ਅਜਿਹੀਆਂ ਘਿਣਾਉਣੀਆਂ ਹਰਕਤਾਂ ਪੰਜਾਬ ਦੇ ਭਾਈਚਾਰੇ ਵਿਚ ਤਰੇੜਾਂ ਪਾਉਣੀਆਂ ਚਾਹੁੰਦੀਆਂ ਹਨ। ਆਪ ਨੇ ਇਹ ਵੀ ਕਿਹਾ ਕਿ ਜੁਰਮ ਕਰਨ ਵਾਲਿਆਂ ਨੂੰ ਮੁਆਫ ਨਹੀਂ ਕੀਤਾ ਜਾਵੇਗਾ।

ਆਪ ਨੇ ਇਸ ਬੰਬ ਧਮਾਕੇ ਵਿਚ ਮਰਨ ਵਾਲਿਆਂ ਦੇ ਪਰਿਵਾਰਾਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਪੰਜਾਬ ਦੇ ਲੋਕਾਂ ਨੂੰ ਪੰਜਾਬ ਵਿਚ ਸੰਪਰਦਾਇਕ ਏਕਤਾ ਨੂੰ ਬਣਾਈ ਰੱਖਣ ਦੀ ਅਪੀਲ ਕੀਤੀ।



Punjabi Sanatani

ਜਲੰਧਰ : ਸੋਮਵਾਰ : 25 ਚੇਤਰ ਸੰਮਤ 2053 : 7 ਅਪ੍ਰੈਲ, 1997 ਮੁੱਲ : 2 ਰੁਪਏ ਫ਼ੋਨ : 55961,



ਤੀਸ਼ਾਲੀ ਬੰਬ ਧਮਾਕੇ ਕਾਰਨ ਬੱਸ ਦਾ ਨਸ਼ਟ ਹੋਇਆ ਪਿਛਲਾ ਹਿੱਸਾ
ਫੋਟੋ : ਰਾਜਨ

# ਪਠਾਨਕੋਟ ਨੇੜੇ ਜੰਮੂ ਜਾ ਰਹੀ ਬੱਸ 'ਚ ਬੰਬ ਧਮਾਕਾ-3 ਹਲਾਕ, 15 ਜ਼ਖਮੀ

Punjabi Sanatani

ਰਾਜਨ, ਗੀਟਾ, ਆਲਮ

**ਪਠਾਨਕੋਟ, 6 ਅਪ੍ਰੈਲ-ਅੱਜ ਸਵੇਰੇ 10 ਵੱਜ ਕੇ 15 ਮਿੰਟ 'ਤੇ ਪਠਾਨਕੋਟ ਕੋਲ ਕਾਠ ਦੇ ਪੁਲ 'ਤੇ ਇਕ ਬੱਸ ਵਿਚ ਹੋਏ ਜ਼ਬਰਦਸਤ ਬੰਬ ਧਮਾਕੇ ਵਿਚ ਤਿੰਨ ਵਿਅਕਤੀ ਮਾਰੇ ਗਏ ਜਦੋਂ ਕਿ 15 ਹੋਰ ਮੁਸਾਫਿਰ ਜ਼ਖਮੀ ਹੋ ਗਏ ਜਿਨ੍ਹਾਂ ਵਿਚੋਂ ਚਾਰ ਦੀ ਹਾਲਤ ਬਹੁਤ ਗੰਭੀਰ ਹੈ।**

ਵੱਖ-ਵੱਖ ਵਸੀਲਿਆਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਜੰਮੂ ਤੇ ਕਸ਼ਮੀਰ ਸਟੇਟ ਟਰਾਂਸਪੋਰਟ ਕਾਰਪੋਰੇਸ਼ਨ ਦੀ ਇਹ ਬੱਸ ਨੰ: ਜੇ ਕੇ 02 ਵਾਈ-0016 ਪਠਾਨਕੋਟ ਤੋਂ ਜੰਮੂ ਨੂੰ ਜਾਣ ਲਈ 10 ਵੱਜ ਕੇ 5 ਮਿੰਟ 'ਤੇ ਪਠਾਨਕੋਟ ਦੇ ਬੱਸ ਅੱਡੇ ਤੋਂ ਰਵਾਨਾ ਹੋਈ ਅਤੇ ਕਾਠ ਦੇ ਪੁਲ ਕੋਲ ਕਰੀਬ ਅੱਧਾ ਕਿਲੋਮੀਟਰ ਦੂਰ ਚਲਦੀ ਬੱਸ ਵਿਚ ਬੰਬ ਫਟ ਗਿਆ। ਬੰਬ ਬੱਸ ਦੀ ਪਿਛਲੀ ਸੀਟ ਥੱਲੇ ਰੱਖਿਆ ਹੋਇਆ ਸੀ ਅਤੇ ਬੱਸ ਦੇ ਪਿਛਲੇ ਪਾਸੇ ਦੀ ਸੀਟ ਦੇ ਬੁਰੀ ਤਰ੍ਹਾਂ ਚੀਥੜੇ ਉੱਡੇ ਹੋਏ ਸਨ। ਪੱਤਰਕਾਰਾਂ ਨੇ ਦੇਖਿਆ ਕਿ ਬੱਸ ਦੇ ਪਿਛਲੇ ਦਰਵਾਜ਼ੇ ਸਮੇਤ ਇਕ ਵਿਅਕਤੀ ਦੀ ਲਾਸ਼ ਪਈ ਸੀ ਜਿਸ ਦੀਆਂ ਲੱਤਾਂ ਤੇ ਬਾਹਾਂ ਧੜ ਨਾਲੋਂ ਅਲੱਗ ਹੋਈਆਂ ਪਈਆਂ ਸਨ। ਮੌਕੇ 'ਤੇ ਹੋਈ ਮੌਤ ਵਾਲੇ ਵਿਅਕਤੀ ਦੀ ਪਛਾਣ ਉਸ ਦੇ ਸ਼ਨਾਖਤੀ ਕਾਰਡ ਤੋਂ ਕੀਤੀ ਗਈ ਜਿਸ ਅਨੁਸਾਰ ਇਹ ਵਿਅਕਤੀ ਫੌਜ ਵਿਚ ਸਿਪਾਹੀ ਸੀ। ਇਸ ਦਾ ਨਾਂ ਕੁਲਦੀਪ ਸਿੰਘ ਸੀ ਤੇ ਉਸ ਦੇ ਬਾਪ ਦਾ ਨਾਂ ਲਛਮਣ ਰਾਮ ਦਿਲਬਰ ਹੈ। ਉਹ ਫੀਲਡ ਰੈਜਮੈਂਟ ਵਿਚ ਸਿਪਾਹੀ ਸੀ। 35 ਸਾਲ ਦਾ ਇਹ ਫੌਜੀ 14 ਦਿਨਾਂ ਦੀ ਛੁੱਟੀ ਕੱਟਣ ਜੰਮੂ ਆਪਣੇ ਘਰ ਜਾ ਰਿਹਾ ਸੀ ਜਦੋਂ ਕਿ ਦੂਜੇ ਦੋ ਵਿਅਕਤੀ ਹਸਪਤਾਲ ਜਾ ਕੇ ਦਮ ਤੋੜ ਗਏ। ਮ੍ਰਿਤਕਾਂ ਦੀ ਪਛਾਣ ਨਹੀਂ ਹੋ ਸਕੀ। ਬੰਬ ਧਮਾਕਾ ਹੁੰਦਿਆਂ ਹੀ ਪ੍ਰਸ਼ਾਸਨ ਦੇ ਉੱਚ ਅਧਿਕਾਰੀ ਮੌਕੇ 'ਤੇ ਪਹੁੰਚੇ ਜਿਸ ਵਿਚ ਐਸ. ਡੀ. ਐਮ. ਸ੍ਰੀ ਕੇ. ਕੇ. ਗਰਗ, ਐਸ. ਐਸ. ਪੀ. ਸ੍ਰੀ ਗੌਰਵ ਯਾਦਵ ਸ਼ਾਮਿਲ ਹਨ। ਸਥਾਨਕ ਪੁਲਿਸ ਨੇ ਘਟਨਾ ਸਥਾਨ 'ਤੇ ਪਹੁੰਚ ਕੇ ਇਲਾਕੇ ਨੂੰ ਘੇਰ ਲਿਆ। ਇਹ ਮੰਦਭਾਗੀ ਖਬਰ ਸੁਣਦਿਆਂ ਹੀ ਸ਼ਹਿਰ ਵਿਚ ਸੋਗ ਦੀ ਲਹਿਰ ਦੌੜ ਗਈ ਅਤੇ ਹਸਪਤਾਲ ਤੇ ਬੰਬ ਧਮਾਕੇ ਵਾਲੀ ਥਾਂ 'ਤੇ ਲੋਕਾਂ ਦਾ ਤਾਂਤਾ ਲੱਗਾ ਰਿਹਾ। ਜ਼ਖਮੀਆਂ ਵਿਚ ਸਿਵਲ ਹਸਪਤਾਲ 'ਚ ਜ਼ੇਰੇ-ਇਲਾਜ ਜ਼ਖਮੀਆਂ ਦੀ ਪਛਾਣ ਰਿਆਜ਼ ਅਹਿਮਦ (19) ਪੁੱਤਰ ਬਾਲੀ ਮੁਹੰਮਦ ਵਾਸੀ ਜ਼ਿਲ੍ਹਾ ਡੋਡਾ ਜੰਮੂ-ਕਸ਼ਮੀਰ, ਅਸ਼ੋਕ ਕੁਮਾਰ (47) ਪੁੱਤਰ ਮੁਲਖ ਰਾਜ ਵਾਸੀ ਤਿੱਬੜ ਗੁਰਦਾਸਪੁਰ, ਮੇਹਰ ਸਿੰਘ (30) ਪੁੱਤਰ ਕਾਕੂ ਰਾਮ ਵਾਸੀ ਸ਼ਾਹਪੁਰ ਕੰਢੀ, ਅਨਿਲ ਨੰਦਾ (32) ਪੁੱਤਰ ਕਿਦਾਰ ਨਾਥ ਪਠਾਨਕੋਟ, ਰਵੀ ਕੁਮਾਰ (32) ਪੁੱਤਰ ਬਾਲ ਨਾਥ, ਹਮੀਦਾ (47) ਪਤਨੀ ਬਰਕਤ ਗੁਰਦਾਸਪੁਰ ਰੋਡ ਪਠਾਨਕੋਟ, ਰਣਜੀਤ ਸਿੰਘ ਪੁੱਤਰ ਬਾਊ ਰਾਮ, ਰਮਜਾਨ ਖੰਡਾ, ਨੰਦ ਲਾਲ (60) ਪੁੱਤਰ ਮਨੀ ਰਾਮ, ਅਸ਼ੋਕ ਕੁਮਾਰ ਭਗਤ ਵਾਸੀ ਤਿੱਬੜ ਅਤੇ ਅਸ਼ੋਕ ਨੰਦਾ ਵਜੋਂ ਕੀਤੀ ਗਈ। ਇਨ੍ਹਾਂ ਜ਼ਖਮੀਆਂ ਵਿਚੋਂ ਤਿੰਨ ਦੀ ਹਾਲਤ ਅਤਿ ਗੰਭੀਰ ਹੈ।

### ਬੰਬ ਫੌਜੀ ਦੇ ਟਰੰਕ 'ਚ ਸੀ

ਇਸੇ ਦੌਰਾਨ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਸ੍ਰੀ ਪੀ. ਸੀ. ਡੋਗਰਾ ਨੇ ਕਿਹਾ ਹੈ ਕਿ ਧਮਾਕੇ ਵਿਚ ਘੱਟ ਸਮਰੱਥਾ ਵਾਲਾ ਦੇਸੀ ਬੰਬ ਵਰਤਿਆ ਗਿਆ। ਪਰ ਉਨ੍ਹਾਂ ਇਸ ਬਾਰੇ ਕੋਈ ਟਿੱਪਣੀ ਕਰਨ ਤੋਂ ਨਾਂਹ ਕਰ ਦਿੱਤੀ ਕਿ ਇਹ ਘਟਨਾ ਖਾੜਕੂਆਂ ਦੀ ਕਾਰਵਾਈ ਸੀ ਜਾਂ ਨਹੀਂ। ਉਨ੍ਹਾਂ ਕਿਹਾ ਕਿ ਇਸ ਬਾਰੇ ਜਾਂਚ ਜਾਰੀ ਹੈ।

ਇਹ ਬੰਬ ਇਕ 16ਵੀਂ ਸਿੱਖ ਰੈਜਮੈਂਟ ਦੇ 'ਗੰਨਰ'

(ਬਾਕੀ ਸਫਾ 9 ਕਾਲਮ 3)





(ਖੱਬੇ) ਪਠਾਨਕੋਟ ਵਿਖੇ ਬੱਸ 'ਚ ਹੋਏ ਸ਼ਕਤੀਸ਼ਾਲੀ ਬੰਬ ਧਮਾਕੇ ਨਾਲ ਤਬਾਹ ਹੋਈ ਬੱਸ ਅਤੇ (ਸੱਜੇ) ਧਮਾਕੇ ਕਾਰਨ ਖਿਲਰਿਆ ਸਾਮਾਨ ਤੇ ਬੱਸ ਦੀ ਛੱਤ ਤੋਂ ਉਡ ਕੇ ਉਪਰੋਂ ਲੰਘ ਰਹੀਆਂ ਬਿਜਲੀ ਦੀਆਂ ਤਾਰਾਂ 'ਚ ਫਸਿਆ ਇਕ ਮੰਜਾ ਨਜ਼ਰ ਆ ਰਿਹਾ ਹੈ। ਤਸਵੀਰਾਂ : ਗੀਟਾ ਗੁਪਤਾ

## ਧਮਾਕਾ (ਸਫਾ 1 ਦੀ ਬਾਕੀ)

ਸਾਈਕਲ ਸਵਾਰ ਮੋਹਨ ਲਾਲ (15) ਪੁੱਤਰ ਮਨੋਹਰ ਲਾਲ ਗਾਂਧੀ ਮੁਹੱਲਾ ਪਠਾਨਕੋਟ ਵੀ ਜ਼ਖਮੀ ਹੋ ਗਿਆ ਤੇ ਇਹ ਵੀ ਸਿਵਲ ਹਸਪਤਾਲ 'ਚ ਦਾਖਲ ਹੈ। ਮਿਲਟਰੀ ਹਸਪਤਾਲ ਪਠਾਨਕੋਟ ਵਿਖੇ ਦਾਖਲ ਜ਼ਖਮੀਆਂ ਵਿਚ ਹੌਲਦਾਰ ਨਰਿੰਦਰ ਕੁਮਾਰ, ਸੁਰਿੰਦਰ ਕੁਮਾਰ (32) ਪੁੱਤਰ ਸੁਰੈਨ ਦਾਸ ਪਿੰਡ ਬਲਾ ਜਬਰਥ ਗਗਲ ਕੋਹਲੀ ਦੇਹਰਾ ਜ਼ਿਲ੍ਹਾ ਕਾਂਗੜਾ, ਸੁਰੇਸ਼ ਚੰਦ (46) ਗੈਰੀਸਨ ਇੰਜੀਨੀਅਰ ਕੇਅਰ ਆਫ 56 ਏ. ਪੀ. ਓ., ਜਾਦੇਸ਼ਵਰ (8) ਪੁੱਤਰ ਸੂਬੇਦਾਰ ਸਰੂਪ ਸਿੰਘ ਜ਼ਿਲ੍ਹਾ ਕਾਂਗੜਾ, ਦਵਿੰਦਰ ਕੁਮਾਰ (27) ਪਿੰਡ ਹੜਸਰ ਦੇਰੀ ਜ਼ਿਲ੍ਹਾ ਕਾਂਗੜਾ, ਮੁਲਖ ਰਾਜ (21) ਪਿੰਡ ਗਿਆਨ ਕਲਾਂ (ਕਾਂਗੜਾ), ਪਵਨ ਕੁਮਾਰ ਗੁਰਦਾਸਪੁਰ ਸ਼ਾਮਿਲ ਹਨ। ਮਰਨ ਵਾਲਿਆਂ ਵਿਚ ਇਕ ਰਸ਼ਮੀ ਨਾਮੀ ਜਨਾਨੀ ਵੀ ਸ਼ਾਮਿਲ ਹੈ ਜਦ ਕਿ ਬਾਕੀਆਂ ਦੀ ਪਛਾਣ ਨਹੀਂ ਹੋ ਸਕੀ।

### ਪੁਲਿਸ ਵਿਰੁੱਧ ਗੁੱਸਾ

ਘਟਨਾ ਵਾਲੇ ਸਥਾਨ 'ਤੇ 3 ਵਜ ਕੇ 20 ਮਿੰਟ 'ਤੇ ਹਾਲਾਤ ਬਹੁਤ ਤਨਾਅ ਪੂਰਨ ਹੋ ਚੱਲੇ ਸਨ ਜਦ ਕਿ ਉਥੇ ਦੇਖਣ ਆ ਰਹੀ ਭੀੜ ਵਿਚੋਂ ਇਕ ਨੌਜਵਾਨ ਨੂੰ ਪੁਲਿਸ ਦੇ ਕਿਸੇ ਕਰਮਚਾਰੀ ਨੇ ਅੱਗੇ ਜਾਣ ਤੋਂ ਰੋਕਿਆ ਅਤੇ ਉਸ ਨੂੰ ਡੰਡਾ ਧਰ ਮਾਰਿਆ ਅਤੇ ਇਕ ਬਜ਼ੁਰਗ ਨੂੰ ਧੱਕਾ ਦੇ ਦਿੱਤਾ। ਤੁਰੰਤ ਲੋਕਾਂ ਨੇ ਪੰਜਾਬ ਪੁਲਿਸ ਮੁਰਦਾਬਾਦ ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ ਤੇ ਹਾਜ਼ਰ ਪਠਾਨਕੋਟ ਦੇ ਵਿਧਾਇਕ ਮਾਸਟਰ ਮੋਹਨ ਲਾਲ, ਏ. ਐਸ. ਪੀ. ਸ੍ਰੀ ਏ. ਡੀ. ਐਸ. ਰਾਏ ਅਤੇ ਡੀ. ਐਸ. ਪੀ. ਧਰਮਜੀਤ ਸਿੰਘ ਦੇ ਦਖਲ ਦੇਣ 'ਤੇ ਉਤੇਜਿਤ ਭੀੜ ਨੂੰ ਸ਼ਾਂਤ ਕੀਤਾ ਗਿਆ।

ਇਸ ਧਮਾਕੇ ਦੀ ਸੂਚਨਾ ਮਿਲਦਿਆਂ ਹੀ ਡਿਪਟੀ ਕਮਿਸ਼ਨਰ ਤੇ ਐਸ. ਐਸ. ਪੀ. ਸਮੇਤ ਹੋਰ ਅਧਿਕਾਰੀ ਮੌਕੇ 'ਤੇ ਪਹੁੰਚ ਗਏ। ਪ੍ਰਸ਼ਾਸਨ ਨੇ ਤੁਰੰਤ ਹੀ ਇਥੇ ਸਾਰਾ ਟਰੈਫਿਕ ਰੋਕ ਦਿੱਤਾ ਤਾਂ ਜੋ ਇਥੇ ਜਾਂ ਕਿਸੇ ਹੋਰ ਬੱਸ ਵਿਚ ਕਈ ਹੋਰ ਬੰਬ ਰੱਖੇ ਜਾਣ ਦੀ ਸੰਭਾਵਨਾ ਬਾਰੇ ਪੜਤਾਲ ਕੀਤੀ ਜਾ ਸਕੇ। ਜ਼ਿਲ੍ਹਾ ਅਧਿਕਾਰੀਆਂ ਨੇ ਹੋਰ ਬੰਬਾਂ ਦੀ ਖੋਜ ਲਈ ਫੌਜ ਦੀ ਮਦਦ ਲੈ ਲਈ ਹੈ।

ਏਜੰਸੀਆਂ ਅਨੁਸਾਰ ਇਹ ਧਮਾਕਾ 'ਕਠਕਾ ਪੁਲ' ਨੇੜੇ ਹੋਇਆ। ਇਸ ਤੋਂ ਪਹਿਲਾਂ 6 ਅਪ੍ਰੈਲ ਨੂੰ ਜੋ ਬੱਸ ਵਿਚ ਧਮਾਕਾ ਹੋਇਆ ਸੀ ਉਹ ਵੀ ਇਸੇ ਪੁਲ ਨੇੜੇ ਹੋਇਆ ਸੀ।

ਡੀ. ਜੀ. ਪੀ. ਸ੍ਰੀ ਪੀ. ਸੀ. ਡੋਗਰਾ ਵੀ ਮੌਕੇ 'ਤੇ ਪੁੱਜੇ।

### ਬਾਦਲ ਵੱਲੋਂ ਧਮਾਕੇ ਦੀ ਨਿਖੇਧੀ

ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੇ ਇਸ ਬੰਬ ਧਮਾਕੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਲੋਕਤੰਤਰੀ ਢਾਂਚੇ ਵਿਚ ਹਿੰਸਾ ਲਈ ਕੋਈ ਥਾਂ ਨਹੀਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਿੰਦੂ-ਸਿੱਖ ਭਾਈਚਾਰਕ ਏਕਤਾ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ ਅਤੇ ਅਜਿਹੀਆਂ ਮੁਜਰਮਾਨਾ ਕਾਰਵਾਈਆਂ ਪਿਛਲੇ ਦੋਸ਼ੀਆਂ ਨੂੰ ਜਲਦ ਨੰਗਾ ਕਰਨਗੀਆਂ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਗੈਰ-ਸਮਾਜੀ ਤੱਤਾਂ ਦੇ ਇਰਾਦਿਆਂ ਨੂੰ ਅਸਫਲ ਕਰ ਦੇਣ। ਉਨ੍ਹਾਂ ਪੀੜਤ ਪਰਿਵਾਰਾਂ ਨਾਲ ਦਿਲੀ ਹਮਦਰਦੀ ਦਾ ਇਜ਼ਹਾਰ ਕੀਤਾ ਹੈ।

### ਟੌਹੜਾ ਤੇ ਜਥੇਦਾਰ ਵੱਲੋਂ ਹਮਦਰਦੀ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਰਣਜੀਤ ਸਿੰਘ ਨੇ ਅੱਜ ਪਠਾਨਕੋਟ ਨੇੜੇ ਬੱਸ ਵਿਚ ਹੋਏ ਬੰਬ ਧਮਾਕੇ ਦੀ ਸਖਤ ਨਿੰਦਾ ਕਰਦਿਆਂ ਪੀੜਤ ਪਰਿਵਾਰਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

ਬੰਬ ਧਮਾਕੇ ਦੀ ਖਬਰ ਮਿਲਦਿਆਂ ਹੀ ਤੁਰੰਤ ਇਸ ਘਟਨਾ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਜਥੇਦਾਰ ਟੌਹੜਾ ਨੇ ਕਿਹਾ ਕਿ ਇਸ ਘਟਨਾ ਪਿੱਛੇ ਨਿਸ਼ਚਿਤ ਰੂਪ ਵਿਚ ਉਨ੍ਹਾਂ ਤਾਕਤਾਂ ਦਾ ਹੱਥ ਹੈ, ਜਿਹੜੀਆਂ ਪੰਜਾਬ ਪੁਲਿਸ ਨੂੰ ਬਗਾਵਤ ਲਈ ਉਕਸਾਉਣ ਤੋਂ ਇਲਾਵਾ ਪੰਜਾਬ ਪੁਲਿਸ ਦਾ ਮਨੋਬਲ ਡਿੱਗਣ ਅਤੇ ਪੰਜਾਬ 'ਚ ਮੁੜ ਅੱਤਵਾਦ ਪਰਤ ਆਉਣ ਦਾ ਹਊਆ ਖੜ੍ਹਾ ਕਰਨ 'ਚ ਰੁਝੀਆਂ ਹੋਈਆਂ ਹਨ। ਜ: ਟੌਹੜਾ ਨੇ ਕਿਹਾ ਕਿ ਅੱਜ 6 ਜੂਨ ਨੂੰ ਸਾਕਾ ਨੀਲਾ ਤਾਰਾ ਦੇ ਮੌਕੇ 'ਤੇ ਇਸ ਮੰਦਭਾਗੀ ਘਟਨਾ ਨੂੰ ਸਿੱਖਾਂ ਦੇ ਸਿਰ ਮੜ੍ਹਨ ਤੋਂ ਰੋਕੇ ਜਾਣ ਲਈ ਸਰਕਾਰ ਨੂੰ ਇਸ ਕੋਝੀ ਕਾਰਵਾਈ ਦੀ ਉੱਚ-ਪੱਧਰੀ ਜਾਂਚ ਕਰਵਾ ਕੇ ਅਸਲ ਦੋਸ਼ੀਆਂ ਅਤੇ ਇਸ ਦੀ ਸਾਜ਼ਿਸ਼ ਵਿਚ ਸ਼ਾਮਿਲ ਵਿਅਕਤੀਆਂ ਨੂੰ ਬੇਨਕਾਬ ਕਰਨਾ ਚਾਹੀਦਾ ਹੈ।

### ਹਮਦਰਦੀ ਪ੍ਰਗਟਾਈ

ਹੋਰ ਸੂਚਨਾ ਅਨੁਸਾਰ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਵਿਧਾਨ ਸਭਾ ਦੇ ਵਿਰੋਧੀ ਧਿਰ ਦੀ ਨੇਤਾ ਸ੍ਰੀਮਤੀ ਰਜਿੰਦਰ ਕੌਰ ਭੱਠਲ ਅਤੇ ਦਰਜਨ ਦੇ ਕਰੀਬ ਸਾਬਕਾ ਕਾਂਗਰਸੀ ਮੰਤਰੀਆਂ ਤੇ ਵਿਧਾਇਕਾਂ ਨੇ ਪਠਾਨਕੋਟ 'ਚ ਹੋਏ ਬੰਬ ਧਮਾਕੇ ਦੀ ਸਖਤ ਨਿੰਦਾ ਕੀਤੀ ਹੈ। ਅੱਜ ਸ਼ਾਮੀ ਜਾਰੀ ਕੀਤੇ ਇਕ ਬਿਆਨ ਵਿਚ ਉਨ੍ਹਾਂ ਕਿਹਾ ਕਿ ਦੇਸ਼ ਵਿਰੋਧੀ ਤਾਕਤਾਂ ਅਜਿਹੇ ਤੋੜਫੋੜ ਦੇ ਯਤਨ ਕਰ ਰਹੀਆਂ ਹਨ। ਪੰਜਾਬ ਦੀ ਬਾਦਲ ਸਰਕਾਰ ਨੂੰ ਅਜਿਹੀਆਂ ਤਾਕਤਾਂ ਨਾਲ ਸਖਤਾ ਨਾਲ ਨਜਿੱਠਣਾ ਚਾਹੀਦਾ ਹੈ।

Punjabi Sanatani

# ਠਾਨਕੋਟ ਵਿਖੇ ਬੱਸ 'ਚ ਬੰਬ ਮਾਕਾ-6 ਹਲਾਕ, 18 ਫੱਟੜ

ਜਨ, ਰੀਟਾ ਗੁਪਤਾ, ਆਲਮ

ਨਕੋਟ, 6 ਜੂਨ-ਅੱਜ ਬਾਅਦ ਦੁਪਹਿਰ 2 ਮਿੰਟ ਦੇ ਕਰੀਬ ਇਕ ਪ੍ਰਾਈਵੇਟ ਕੰਪਨੀ ਦੀ ਵਿਚ ਸ਼ਕਤੀਸ਼ਾਲੀ ਬੰਬ ਧਮਾਕਾ ਹੋਇਆ ਵਜੋ 6 ਵਿਅਕਤੀ ਹਲਾਕ ਹੋ ਗਏ ਤੇ 18 ਗਏ। ਜ਼ਖਮੀਆਂ ਵਿਚੋਂ ! ਦੀ ਹਾਲਤ ਨਾਜ਼ਕ ਹੈ। ਜ਼ਖਮੀਆਂ ਨੂੰ ਸਿਵਲ ਤੇ ਮਿਲਟਰੀ ਵਿਚ ਦਾਖਲ ਕਰਾਇਆ ਗਿਆ। ਬੱਸ ਪ੍ਰਦੇਸ਼ ਦੀ ਸੀ।

ਪਿੱਛੋਂ ਜੰਮੂ ਵਿਚ ਪੁਲਿਸ ਨੂੰ ਚੌਕਸ ਕਰ ਹੈ। ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ, ਮੰਤਰੀਆਂ, ਹਿਮਾਚਲ ਦੇ ਮੁੱਖ ਮੰਤਰੀ ਤੇ ਨੇਤਾਵਾਂ ਨੇ ਧਮਾਕੇ ਦੀ ਜ਼ੋਰਦਾਰ ਨਿੰਦਾ ਮ੍ਰਿਤਕਾਂ ਦੇ ਪਰਿਵਾਰਾਂ ਤੇ ਜ਼ਖਮੀਆਂ ਨਾਲ ਪ੍ਰਗਟਾਈ ਹੈ।

'ਤੇ ਜਾ ਕੇ ਪ੍ਰਾਪਤ ਕੀਤੀਗਈ ਜਾਣਕਾਰੀ ਨਿਊ ਪ੍ਰੇਮ ਬੱਸ ਸਰਵਿਸ ਦੀਬੱਸ ਨੰ: ਐਚ.ਪੀ. 5 ਪਠਾਨਕੋਟ ਬੱਸ ਅੱਡੇ ਤੋਂ 2 ਵਜ ਕੇ 25 ਹਿਮਾਚਲ ਪ੍ਰਦੇਸ਼ ਦੇ ਨਾਦੌਨ (ਸਵਾਲਾ ਜੀ) ਨੂੰ ਚੱਲੀ ਸੀ ਅਤੇ ਅਜੇ ਅੱਡੇ ਤੋਂ ਸਿਰਫ 300 ਵੇਅਰ ਹਾਊਸ ਕੋਲ ਹੀ ਪੁੱਜੀ ਸੀ ਕਿ ਵਾਲੇ ਪਾਸੇ ਬੱਸ ਦੇ ਬਿਲਕੁਲ ਵਿਚਕਾਰ ਸ਼ਕਤੀਸ਼ਾਲੀ ਬੰਬ ਧਮਾਕਾ ਹੋ ਗਿਆ, ਜਿਸ ਨਾਲ ਧੂੰਆਂ ਹੀ ਧੂੰਆਂ ਫੈਲ ਗਿਆ। ਬਾਜ਼ਾਰ ਵਿਚਲੇ ਨੇ ਫਟਾ-ਫਟ ਬਾਲਟੀਆਂ ਨਾਲ ਪਾਣੀ ਕਰ ਦਿੱਤਾ ਅਤੇ ਨਾਲ ਹੀਫਾਇਰ ਬ੍ਰਿਗੇਡ ਪੁੱਜ ਗਈ। ਧਮਾਕਾ ਇੰਨਾਜ਼ਬਰਦਸਤ ਸੀ ਛੱਤ ਤੋਂ ਇਕ ਫੋਲਡਿੰਗ ਫੱਡ ਉਡ ਕੇ ਦੂਰ ਉਪਰ ਜਾ ਰਹੀਆਂ ਤਾਰਾਂ ਉਪਰ ਲਟਕ ਲਾਸ਼ਾਂ ਬੁਰੀ ਤਰ੍ਹਾਂ ਬੱਸ ਦੀਆਂ ਬਾਰੀਆਂ ਰਹੀਆਂ ਸਨ। ਮ੍ਰਿਤਕਾਂ ਵਿਚੋਂ ਇਕ 9-10 ਦਾ ਸਿਰਫ ਪੈਰ ਹੀ ਮਿਲਿਆ ਜਦ ਕਿ ਉਸ ਲ ਜਾਰੀ ਸੀ। ਮ੍ਰਿਤਕਾਂ ਵਿਚ 2 ਔਰਤਾਂ, ਅਤੇ 1 ਬੱਚਾ ਸ਼ਾਮਿਲ ਹੈ। ਮੌਕੇ 'ਤੇ ਮਰਨ ਚਿਹਰੇ ਇੰਨੇ ਬੁਰੀ ਤਰ੍ਹਾਂ ਫਿੱਸ ਹੋਏ ਸਨ ਕਿ ਸ਼ਨਾਖਤ ਕਰਨੀ ਬਹੁਤ ਮੁਸ਼ਕਿਲ ਹੈ। ਦੋ ਤਿੰਨ ਨੂੰ ਤਾਂ ਬੋਰੀਆਂ ਵਿਚ ਪਾ ਕੇ ਲਿਆਂਦਾ ਗਿਆ।

## ਬੱਸ ਬੁਰੀ ਤਰ੍ਹਾਂ ਤਬਾਹ

ਡਰਾਈਵਰ ਰਵੀ ਕੁਮਾਰ ਨੇ ਦੱਸਿਆ ਕਿ ਜਦ ਉਹ ਬੱਸ ਲੈ ਕੇ ਜਾ ਰਿਹਾ ਸੀ ਤਾਂ ਉਸ ਦੀ ਸੀਟ ਦੇ ਪਿੱਛੇ ਧੂੰਆਂ ਨਿਕਲਿਆ ਅਤੇ ਧਮਾਕਾ ਹੋਇਆ, ਉਸ ਤੋਂ ਬਾਅਦ ਉਸ ਨੂੰ ਨਹੀਂ ਪਤਾ ਕਿ ਕੀ ਹੋਇਆ। ਉਹ ਉਸ ਸਮੇਂ ਬਹੁਤ ਘਬਰਾਇਆ ਹੋਇਆ ਸੀ। ਬੱਸ ਦੇ ਅੱਡਾ ਇੰਚਾਰਜ ਸ੍ਰੀ ਤਿਲਕ ਰਾਜ ਨੇ ਦੱਸਿਆ ਕਿ ਇਸ ਬੱਸ ਦਾ 2 ਵੱਜ ਕੇ 25 ਮਿੰਟ ਦਾ ਚੱਲਣ ਦਾ ਟਾਈਮ ਹੈ ਅਤੇ ਆਪਣੇ ਟਾਈਮ 'ਤੇ ਇਹ ਬੱਸ 25 ਦੇ ਕਰੀਬ ਸਵਾਰੀਆਂ ਲੈ ਕੇ ਅੱਡੇ 'ਚੋਂ ਚੱਲੀ ਸੀ। ਇਕ ਹੋਰ ਅਨਿਲ ਕੁਮਾਰ ਨੇ ਦੱਸਿਆ ਕਿ ਜਦ ਬੱਸ ਕਾਊਂਟਰ ਤੋਂ ਚੱਲਣੀ ਸੀ ਤਾਂ ਬੱਸ ਅੱਡੇ ਉਪਰ ਤਾਇਨਾਤ ਪੰਜਾਬ ਪੁਲਿਸ ਦਾ ਕਰਮਚਾਰੀ ਬੱਸ ਵਿਚ ਚੜ੍ਹਿਆ ਅਤੇ ਉਹ ਪਿਛਲੀਆਂ ਸੀਟਾਂ ਹੀ ਦੇਖ ਕੇ ਉਤਰ ਗਿਆ ਜਦ ਕਿ ਧਮਾਕਾ ਉਸ ਤੋਂ ਅਗਲੀਆਂ ਸੀਟਾਂ ਕੋਲ ਹੋਇਆ। ਬੱਸ ਬੁਰੀ ਤਰ੍ਹਾਂ ਟੁੱਟ ਚੁੱਕੀ ਸੀ ਅਤੇ ਉਸ ਦੇ ਸ਼ੀਸ਼ੇ ਟੁੱਟੇ ਹੋਏ ਸਨ ਅਤੇ ਛੱਤ ਵੀ ਧੂੰਏਂ ਨਾਲ ਧੁਆਂਖੀ ਹੋਈ ਸੀ। ਬੱਸ ਅੰਦਰ ਸੜ੍ਹਾਂਦ ਮਾਰ ਰਹੀ ਸੀ।

## ਲਾਸ਼ਾਂ ਲਟਕ ਰਹੀਆਂ ਸਨ

ਪ੍ਰਤੱਖ ਦਰਸ਼ੀਆਂ ਅਨੁਸਾਰ ਜਦ ਲਾਸ਼ਾਂ ਬੱਸ ਦੀਆਂ ਬਾਰੀਆਂ ਵਿਚ ਲਟਕ ਰਹੀਆਂ ਸਨ ਤਾਂ ਉਸ ਵੇਲੇ ਦ੍ਰਿਸ਼ ਬਹੁਤ ਭਿਆਨਕ ਸੀ। ਸਿਵਲ ਹਸਪਤਾਲ ਪਠਾਨਕੋਟ ਵਿਖੇ ਜ਼ਖਮੀਆਂ ਵਿਚ ਦੋ ਭਰਾ ਵਿਨੇ ਪਾਲ (22) ਅਤੇ ਵਿਕਾਸ ਵਾਲੀਆ (21) ਪੁੱਤਰ ਸ੍ਰੀ ਕਿਸ਼ੋਰੀ ਲਾਲ ਪਿੰਡ ਬੰਧੀ ਚੌਕ ਗੱਗਲ ਜ਼ਿਲ੍ਹਾ ਕਾਂਗੜਾ, ਸ੍ਰੀ ਅਨਿਲ ਕੁਮਾਰ (25) ਪੁੱਤਰ ਜਗਤ ਰਾਮ ਪਿੰਡ ਜਮਾਨਾਬਾਦ ਜ਼ਿਲ੍ਹਾ ਕਾਂਗੜਾ, ਸਤਿੰਦਰ ਸਿੰਘ (27) ਪੁੱਤਰ ਚੰਦਾ ਸਿੰਘ ਹਾੜ ਚੱਕੀਆਂ ਜੁਗਿਆਲ, ਈਸ਼ਵਰ ਚੰਦ (55) ਬੇਹੋਸ਼ ਹਨ, ਸੁਰਤ ਸਿੰਘ (65) ਪੁੱਤਰ ਸੇਵਾ ਸਿੰਘ ਪਿੰਡ ਨਦੀਨਪੁਰ ਗਾਜੀਡੰਡਾ ਤਹਿਸੀਲ ਮੁਕੇਰੀਆਂ, ਨਸੀਬ ਸਿੰਘ (27) ਪੁੱਤਰ ਸਾਗਰ ਸਿੰਘ ਵਾਸੀ ਜੰਮੂ, ਕੰਡਕਟਰ ਬੀਰ ਸਿੰਘ ਪੁੱਤਰ ਪਰਮਾਨੰਦ ਪਿੰਡ ਸੁਦਰਲਾੜ (ਕਾਂਗੜਾ), ਕਿਸ਼ਨ ਚੰਦ (50) ਪੁਰਾਣਾ ਬੱਸ ਅੱਡਾ ਕਠੂਹਾ (ਜੇ. ਐਂਡ ਕੇ.), ਗਗਨ ਕੁਮਾਰ (14) ਪੁੱਤਰ ਕਿਸ਼ਨ ਚੰਦ ਭੜੋਲੀ ਕਲਾਂ ਤਹਿਸੀਲ ਪਠਾਨਕੋਟ ਸ਼ਾਮਿਲ ਹਨ ਜਦ ਕਿ ਬੱਸ ਪਿੱਛੇ ਜਾ ਰਿਹਾ ਇਕ

(ਬਾਕੀ ਸਫਾ 3 ਕਾਲਮ 3)

Punjabi Sanatani

**ਬੰਬ ਧਮਾਕਾ** (ਸਫਾ 3 ਦੀ ਬਾਕੀ)

## ਕੰਟਰੋਲ ਰੂਮ ਸਥਾਪਿਤ

ਸ੍ਰੀ ਗੰਗਾਨਗਰ, 8 ਜੁਲਾਈ (ਸ. ਰ.)-ਜ਼ਿਲ੍ਹਾ ਬਠਿੰਡਾ ਵਿਖੇ ਹੋਏ ਰੇਲ ਬੰਬ ਧਮਾਕੇ ਸਬੰਧੀ ਪੁੱਛਗਿੱਛ ਲਈ ਸ੍ਰੀ ਗੰਗਾਨਗਰ ਰੇਲਵੇ ਸਟੇਸ਼ਨ 'ਤੇ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ। ਗੰਗਾਨਗਰ ਰੇਲਵੇ ਸਟੇਸ਼ਨ 'ਤੇ ਸਥਾਪਤ ਕੀਤੇ ਗਏ ਕੰਟਰੋਲ ਰੂਮ ਦਾ ਟੈਲੀਫੋਨ ਨੰਬਰ 20019 ਅਤੇ 131 ਹੈ।

ਸਿੰਘ ਮਾਲੂਕਾ, ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ: ਬਲਵਿੰਦਰ ਸਿੰਘ ਭੂੰਦੜ, ਭਾਰਤੀ ਕਮਿਊਨਿਸਟ ਪਾਰਟੀ ਦੇ ਅਸੰਬਲੀ ਗਰੁੱਪ ਦੇ ਆਗੂ ਕਾ: ਹਰਦੇਵ ਸਿੰਘ ਅਰਸ਼ੀ, ਪੰਜਾਬ ਜਨਤਾ ਦਲ ਦੇ ਪ੍ਰਧਾਨ ਸ: ਦਰਸ਼ਨ ਸਿੰਘ ਜੀਦਾ, ਬਠਿੰਡਾ ਨਗਰ ਪਾਲਿਕਾ ਦੇ ਪ੍ਰਧਾਨ ਸ: ਜਗਰੂਪ ਸਿੰਘ ਗਿੱਲ ਅਤੇ ਯੂਥ ਅਕਾਲੀ ਦਲ ਦੇ ਪ੍ਰਧਾਨ ਸ: ਜਜਰੂਪ ਸਿੰਘ ਸੰਗਤ ਨੇ ਇਸ ਧਮਾਕੇ ਦੀ ਸਖਤ ਨਿੰਦਾ ਕਰਦਿਆਂ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਹੈ।

ਬਠਿੰਡਾ ਦੇ ਸਰਕਾਰੀ ਹਸਪਤਾਲ ਵਿਚ ਜ਼ਖਮੀਆਂ ਦੀ ਹਾਲਤ ਬਹੁਤ ਹੀ ਮਾੜੀ ਸੀ। ਸਹਾਰਾ ਕਲੱਬ ਬਠਿੰਡਾ, ਬਲੱਡ ਡੋਨਰਜ਼ ਕੌਂਸਲ ਰਾਮਪੁਰਾ ਅਤੇ ਪੌਲੀਟੈਕਨਿਕ ਦੇ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਨਾਲ ਖੂਨ ਦਿੱਤਾ। ਡਾਕਟਰਾਂ ਨੇ ਕਿਹਾ ਕਿ ਹਸਪਤਾਲ ਵਿਚ ਇਸ ਵੇਲੇ ਜ਼ਖਮੀਆਂ ਅਤੇ ਮਰੀਜ਼ਾਂ ਨੂੰ ਦੇਣ ਲਈ ਖੂਨ ਦੀ ਕੋਈ ਘਾਟ ਨਹੀਂ ਹੈ।

ਭਾਰਤੀ ਕਮਿਊਨਿਸਟ ਪਾਰਟੀ ਦੇ ਅਸੰਬਲੀ ਵਿਚ ਆਗੂ ਕਾ: ਹਰਦੇਵ ਸਿੰਘ ਅਰਸ਼ੀ ਬਠਿੰਡਾ ਹਸਪਤਾਲ ਪਹੁੰਚੇ ਤੇ ਉਨ੍ਹਾਂ ਨੇ ਜ਼ਖਮੀਆਂ ਦਾ ਹਾਲ ਪੁੱਛਿਆ। ਉਨ੍ਹਾਂ ਹਸਪਤਾਲ 'ਚ ਇਲਾਜ ਪ੍ਰਬੰਧਾਂ 'ਤੇ ਤਸੱਲੀ ਪ੍ਰਗਟ ਕੀਤੀ। ਕਾ: ਅਰਸ਼ੀ ਨੇ ਪੰਜਾਬ ਦੇ ਮੁੱਖ ਮੰਤਰੀ ਸ: ਬਾਦਲ ਤੋਂ ਮੰਗ ਕੀਤੀ ਕਿ ਪੰਜਾਬ ਵਿਚ ਅਮਨ-ਕਾਨੂੰਨ ਦੀ ਸਮੱਸਿਆ 'ਤੇ ਵਿਚਾਰ ਕਰਨ ਲਈ ਤੁਰੰਤ ਸਰਬ ਪਾਰਟੀ ਮੀਟਿੰਗ ਸੱਦੀ ਜਾਵੇ।

ਰਾਮਪੁਰਾ ਫੂਲ ਤੋਂ ਭਗਵਾਨ ਦਾਸ ਗਰਗ ਅਨੁਸਾਰ ਬਠਿੰਡਾ ਤੋਂ ਅੰਬਾਲਾ ਜਾ ਰਹੀ 336 ਡਾਊਨ ਮੁਸਾਫਰ ਗੱਡੀ ਦੁਪਹਿਰ ਦੋ ਵਜੇ ਦੇ ਕਰੀਬ ਰੇਲਵੇ ਸਟੇਸ਼ਨ ਲਹਿਰਾ ਖਾਨਾ 'ਤੇ ਰੁਕਣ ਲਈ ਸਟੇਸ਼ਨ ਤੋਂ 100 ਕੁ ਗਜ਼ ਪਿੱਛੇ ਹੌਲੀ ਹੋਈ ਸੀ ਕਿ ਡੱਬਾ ਨੰਬਰ 11846 'ਚ ਬੰਬ ਧਮਾਕਾ ਹੋਇਆ। ਬੰਬ ਧਮਾਕਾ ਇਨਾ ਜ਼ਬਰਦਸਤ ਸੀ ਕਿ ਮਨੁੱਖੀ ਲਾਸ਼ਾਂ ਦੇ ਚੀਥੜੇ ਉਡ ਗਏ। ਦੋ ਦਰਜਨ ਦੇ ਕਰੀਬ ਵਿਅਕਤੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਬੰਬ ਧਮਾਕੇ ਦੀ ਘਟਨਾ ਕਾਰਨ ਇਲਾਕੇ ਭਰ ਵਿਚ ਸਹਿਮ ਪੈਦਾ ਹੋ ਗਿਆ ਹੈ। ਜ਼ਿਕਰਯੋਗ ਗੱਲ ਹੈ ਕਿ ਪੰਜਾਬ ਵਿਚ ਖਾੜਕੂਵਾਦ ਸਮੇਂ ਜਦੋਂ ਰੇਲਵੇ ਸਟੇਸ਼ਨਾਂ ਨੂੰ ਅੱਗ ਲੱਗੀ ਸੀ ਤਾਂ ਲਹਿਰਾ ਖਾਨਾ ਦਾ ਰੇਲਵੇ ਸਟੇਸ਼ਨ ਵੀ ਅੱਗ ਦੀ ਭੇਟ ਹੋ ਗਿਆ ਸੀ।

Punjabi Sanatani

# ਬਠਿੰਡਾ ਨੇੜੇ ਰੇਲ ਗੱਡੀ ਵਿਚ ਸ਼ਕਤੀਸ਼ਾਲੀ ਬੰਬ ਧਮਾਕਾ-34 ਹਲਾਕ, 80 ਜ਼ਖਮੀ

## ...ਖਮੀਆਂ ਵਿਚੋਂ 17 ਦੀ ਹਾਲਤ ਨਾਜ਼ੁਕ

...ਕਮ ਚੰਦ ਸ਼ਰਮਾ

...ਨਾ (ਬਠਿੰਡਾ), 8 ਜੁਲਾਈ-ਬਠਿੰਡਾ-
...ਗ ਦੇ ਲੈਹਰਾਖਾਨਾ ਰੇਲਵੇ ਸਟੇਸ਼ਨ 'ਤੇ
...ਹਿਰ 336 ਡਾਊਨ ਸ੍ਰੀ ਗੰਗਾਨਗਰ-
... ਗੱਡੀ ਵਿਚ ਅੱਜ ਦੁਪਹਿਰ 2 ਵਜੇ
...ਮਾਕਾ ਹੋਣ ਨਾਲ 34 ਮੁਸਾਫਰ ਮੌਕੇ 'ਤੇ
... 80 ਦੇ ਕਰੀਬ ਜ਼ਖਮੀ ਹੋ ਗਏ, ਜਿਨ੍ਹਾਂ
...ਲਤ ਗੰਭੀਰ ਦੱਸੀ ਗਈ ਹੈ।
...ਲਿਆਂ ਵਿਚ 9 ਆਦਮੀ, 8 ਔਰਤਾਂ, 8
... ਹਨ। ਜ਼ਖਮੀਆਂ ਨੂੰ ਬਠਿੰਡਾ, ਰਾਮਪੁਰਾ
...ਦੇ ਹਸਪਤਾਲਾਂ ਵਿਚ ਦਾਖਲ ਕੀਤਾ
...ਖਬਰਾਂ ਮਿਲਣ ਤੱਕ ਸਾਰੇ ਜ਼ਖਮੀ
... ਤੋਂ ਹਸਪਤਾਲਾਂ ਵਿਚ ਭੇਜੇ ਜਾ ਚੁੱਕੇ
... ਲਾਸ਼ਾਂ ਨੂੰ ਸਵੈ-ਸੇਵੀ ਸੰਸਥਾਵਾਂ ਤੇ

ਪੁਲਿਸ ਕਰਮਚਾਰੀ ਬਾਹਰ ਕੱਢ ਰਹੇ ਸਨ।

ਮਰਨ ਵਾਲਿਆਂ ਵਿਚੋਂ ਹੁਣ ਤੱਕ 2 ਦੀ ਪਛਾਣ ਹੋ ਗਈ ਹੈ, ਇਨ੍ਹਾਂ ਵਿਚ ਅਨੂਪਗੜ੍ਹ ਰਾਜਸਥਾਨ ਦਾ ਲਛਮਣ (40) ਵੀ ਸ਼ਾਮਿਲ ਹੈ, ਜੋ ਕਿ ਆਪਣੇ ਪਰਿਵਾਰ ਦੇ 13 ਮੈਂਬਰਾਂ ਸਮੇਤ ਹਰਦੁਆਰ ਆਪਣੇ ਬਾਬਾ ਵਜ਼ੀਰਾ ਰਾਮ ਦੇ ਫੁੱਲ ਪਾਉਣ ਜਾ ਰਿਹਾ ਸੀ। ਮ੍ਰਿਤਕ ਲਛਮਣ ਦਾਸ ਦੀ ਪਤਨੀ ਵੀਰਾਂ ਜ਼ਖਮੀ ਹੈ। ਜਦੋਂ ਕਿ ਉਸ ਦੇ ਨਾਲ ਆਈ ਉਸ ਦੀ ਮਾਂ ਵਾਲ-ਵਾਲ ਬਚ ਗਈ। ਠਾਕਰ ਰਾਮ ਦੇ ਚਾਚਾ ਮਾਹੀ ਰਾਮ ਅਤੇ ਠਾਕੁਰ ਦਾਸ ਨੇ ਦੱਸਿਆ ਕਿ ਮ੍ਰਿਤਕ ਲਛਮਣ ਦਾਸ ਜੋ ਕਿ ਖੇਤ ਮਜ਼ਦੂਰ ਸੀ, ਦੀਆਂ 3 ਲੜਕੀਆਂ ਤੇ 2 ਲੜਕੇ ਹਨ।

ਰੇਲਵੇ ਅਧਿਕਾਰੀਆਂ ਅਨੁਸਾਰ ਇਕ ਹੋਰ ਲੜਕੀ ਕਿਰਨਾ ਕੁਮਾਰੀ (15) ਪੁੱਤਰੀ ਸਾਧੂ ਸਿੰਘ ਮਜ਼੍ਹਬੀ ਸਿੱਖ ਵਸਨੀਕ ਲੈਹਰਾ ਖਾਨਾ ਵਜੋਂ ਹੋਈ ਹੈ। ਪੁਲਿਸ ਅਧਿਕਾਰੀਆਂ ਅਤੇ ਰੇਲਵੇ ਅਧਿਕਾਰੀਆਂ ਦੇ ਅਨੁਸਾਰ ਹੋਰ ਕਿਸੇ ਮ੍ਰਿਤਕ ਦੀ ਹਾਲੇ ਤੱਕ ਪਛਾਣ ਨਹੀਂ ਹੋ ਸਕੀ।

ਬਠਿੰਡਾ ਰੇਲਵੇ ਸਟੇਸ਼ਨ ਦੇ ਸੁਪਰਡੈਂਟ ਸ੍ਰੀ ਹਰਬੰਸ ਲਾਲ ਅਨੁਸਾਰ ਇਹ ਮੰਦਭਾਗੀ ਮੁਸਾਫਰ ਗੱਡੀ ਠੀਕ 1 ਵੱਜ ਕੇ 20 ਮਿੰਟ 'ਤੇ ਬਠਿੰਡਾ ਤੋਂ ਅੰਬਾਲਾ ਲਈ ਰਵਾਨਾ ਹੋਈ ਅਤੇ 1 ਵੱਜ ਕੇ 44 ਮਿੰਟ 'ਤੇ ਭੁੱਚੋ ਮੰਡੀ ਰੇਲਵੇ ਸਟੇਸ਼ਨ 'ਤੇ ਰੁਕੀ। ਇਸ ਗੱਡੀ ਦੇ ਡਰਾਈਵਰ ਮਾੜੂ ਸਿੰਘ ਅਤੇ ਗਾਰਡ ਸੁਰਜੀਤ ਸਿੰਘ ਅਨੁਸਾਰ ਜਦੋਂ 1 ਵੱਜ ਕੇ 55 ਮਿੰਟ 'ਤੇ ਗੱਡੀ ਲੈਹਰਾਖਾਨਾ ਰੇਲਵੇ ਸਟੇਸ਼ਨ 'ਤੇ ਰੁਕਣ ਹੀ ਵਾਲੀ ਸੀ ਕਿ ਇਸ ਦੇ ਡੱਬਾ ਨੰਬਰ 11846 ਵਿਚ ਜ਼ੋਰਦਾਰ ਧਮਾਕਾ ਹੋਇਆ। ਇਹ ਡੱਬਾ ਇੰਜਣ ਤੋਂ ਚੌਥਾ ਡੱਬਾ ਸੀ। ਕਿਉਂਕਿ ਗੱਡੀ ਦੀ ਰਫਤਾਰ ਬਹੁਤ ਹੀ ਮੱਧਮ ਸੀ, ਇਸ ਲਈ ਦੂਸਰੇ ਡੱਬਿਆਂ ਨੂੰ ਨੁਕਸਾਨ ਹੋਣ ਤੋਂ ਬਚਾਅ ਹੋ ਗਿਆ।

ਰੇਲਵੇ ਸਟੇਸ਼ਨ ਬਠਿੰਡਾ 'ਤੇ ਇਹ ਸੂਚਨਾ ਤਕਰੀਬਨ 15 ਮਿੰਟ ਬਾਅਦ ਪਹੁੰਚ ਗਈ ਬਠਿੰਡਾ ਤੋਂ ਡਾਕਟਰਾਂ ਦੀ ਟੀਮ ਲੈ ਕੇ ਇਕ ਰਾਹਤ ਗੱਡੀ ਮੌਕੇ 'ਤੇ ਪਹੁੰਚੀ।

ਪਿੰਡ ਲੈਹਰਾਖਾਨਾ ਦੇ ਇਕ ਵਿਅਕਤੀ ਬਲਵੀਰ ਸਿੰਘ ਗਰੇਵਾਲ ਨੇ ਕਿਹਾ ਕਿ ਜਦੋਂ ਧਮਾਕਾ ਹੋਇਆ ਤਾਂ ਉਹ ਘਰ ਵਿਚ ਹੀ ਸੀ, ਉਸ ਨੇ ਸੋਚਿਆ ਕਿ ਜਹਾਜ਼ ਦਾ ਧਮਾਕਾ ਹੋਇਆ ਹੈ, ਪਰ ਜਦੋਂ ਚੀਕ ਚਿਹਾੜਾ ਸੁਣਿਆ ਤਾਂ ਬਹੁਤ ਸਾਰੇ ਲੋਕ ਸਟੇਸ਼ਨ ਵੱਲ ਨੂੰ ਦੌੜੇ ਤਾਂ ਉਹ ਵੀ ਮੌਕੇ 'ਤੇ ਪਹੁੰਚ ਗਿਆ ਪੁਲਿਸ ਅਤੇ ਰੇਲਵੇ ਅਧਿਕਾਰੀਆਂ ਦੇ ਆਉਣ ਤੋਂ ਪਹਿਲਾਂ ਹੀ ਲੋਕਾਂ ਨੇ ਟਰਾਲੀਆਂ ਰਾਹੀਂ ਜਿਉਂਦੇ ਮੁਸਾਫਰਾਂ ਨੂੰ ਕੱਢਣਾ ਸ਼ੁਰੂ ਕਰ ਦਿੱਤਾ। ਇਤਨੇ ਵਿਚ ਬਠਿੰਡਾ ਤੋਂ ਮਿਊਂਸਪਲ ਫਾਇਰ ਬ੍ਰਿਗੇਡ, ਐਸ. ਐਸ. ਪੀ. ਬਰਜਿੰਦਰ ਕੁਮਾਰ ਉਪਲ, ਏ. ਡੀ. ਸੀ. ਸ: ਭੁੱਲਰ ਤੇ ਐਸ. ਡੀ. ਐਮ. ਸ: ਗੁਰਤੇਜ ਸਿੰਘ ਮੌਕੇ 'ਤੇ ਬਚਾਓ ਟੀਮਾਂ ਲੈ ਕੇ ਪਹੁੰਚ ਗਏ।

ਧਮਾਕਾ ਏਨਾ ਜ਼ੋਰਦਾਰ ਸੀ ਕਿ ਡੱਬੇ ਦੀ ਛੱਤ ਉੱਡ ਗਈ ਤੇ ਲਾਸ਼ਾਂ ਦੇ ਚੀਥੜੇ ਉੱਡ ਗਏ।

ਐਸ. ਐਸ. ਪੀ. ਸ੍ਰੀ ਉਪਲ ਨੇ ਦੱਸਿਆ ਕਿ ਇਸ ਬੰਬ ਧਮਾਕੇ ਵਿਚ ਕਿਸ ਪ੍ਰਕਾਰ ਦੀ ਸਮੱਗਰੀ ਵਰਤੀ ਗਈ ਹੈ, ਉਸ ਦੀ ਜਾਂਚ ਲਈ ਤਕਨੀਕੀ ਮਾਹਿਰ ਬੁਲਾਏ ਗਏ ਹਨ।

ਬਠਿੰਡਾ ਤੋਂ ਸਰਕਾਰੀ ਤੇ ਪ੍ਰਾਈਵੇਟ ਹਸਪਤਾਲਾਂ ਦੇ ਡਾਕਟਰ ਵੀ ਸਹਾਇਤਾ ਲਈ ਮੌਕੇ 'ਤੇ ਪਹੁੰਚੇ। ਰੇਲਵੇ ਅਧਿਕਾਰੀਆਂ ਨੇ ਕਿਹਾ ਕਿ ਬਾਕੀ ਡੱਬਿਆਂ ਦੇ ਮੁਸਾਫਿਰਾਂ ਨੂੰ ਬੱਸਾਂ ਤੇ ਹੋਰ ਵਾਹਨਾਂ ਰਾਹੀਂ ਭੇਜ ਦਿੱਤਾ ਗਿਆ ਹੈ। ਮੌਕੇ ਦੇ ਗਵਾਹਾਂ ਅਨੁਸਾਰ ਜਦੋਂ ਧਮਾਕਾ ਹੋਇਆ ਤਾਂ ਉਥੇ ਚੀਕ-ਚਿਹਾੜਾ ਮਚ ਗਿਆ ਅਤੇ ਸਾਰੇ ਪਾਸੇ ਧੂੰਆਂ ਫੈਲ ਗਿਆ। ਕੁਝ ਦੂਜੇ ਡੱਬਿਆਂ ਦੇ ਮੁਸਾਫਿਰ ਵੀ ਪੀੜਤ ਮੁਸਾਫਿਰਾਂ ਦੀ ਸਹਾਇਤਾ ਲਈ ਪਹੁੰਚੇ।

ਜਦੋਂ ਇਹ ਪੱਤਰਕਾਰ ਉਥੇ ਪਹੁੰਚਿਆ ਤਾਂ ਵੱਡੀ ਗਿਣਤੀ ਲੋਕ ਰਾਹਤ ਕੰਮਾਂ ਵਿਚ ਲੱਗੇ ਹੋਏ ਸਨ। ਮੌਕੇ 'ਤੇ ਦ੍ਰਿਸ਼ ਬਹੁਤ ਭਿਆਨਕ ਅਤੇ ਦਰਦਨਾਕ ਸੀ।

ਬਠਿੰਡਾ ਹਸਪਤਾਲ ਦੇ ਡਾਕਟਰਾਂ ਸ: ਅਵਤਾਰ ਸਿੰਘ ਸੇਖੋਂ ਨੇ ਦੱਸਿਆ ਕਿ ਬਠਿੰਡਾ ਦੇ ਸਰਕਾਰੀ ਹਸਪਤਾਲ ਵਿਚ ਕੁੱਲ 67 ਜ਼ਖਮੀ ਪਹੁੰਚੇ ਹਨ, ਜਿਨ੍ਹਾਂ ਵਿਚੋਂ 2 ਅਣਪਛਾਤੇ ਮੁਸਾਫਿਰਾਂ ਦੀ ਮੌਤ ਹੋ ਗਈ ਹੈ, 17 ਹੋਰ ਦੀ ਹਾਲਤ ਨਾਜ਼ੁਕ ਹੈ। ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਕਾ: ਮੱਖਣ ਸਿੰਘ ਅਤੇ ਸ: ਬਲਵੀਰ ਸਿੰਘ ਮੌਕੇ 'ਤੇ ਪਹੁੰਚੇ। ਉਨ੍ਹਾਂ ਇਸ ਘਟਨਾ ਦੀ ਸਖਤ ਨਿੰਦਾ ਕਰਦਿਆਂ ਇਸ ਨੂੰ ਪੰਜਾਬ ਦੇ ਦੁਸ਼ਮਣਾਂ ਦੀ ਕਾਰਵਾਈ ਕਰਾਰ ਦਿੱਤਾ ਹੈ।

ਪੰਜਾਬ ਪੁਲਿਸ ਦੇ ਮੁਖੀ ਸ੍ਰੀ ਪੀ. ਸੀ. ਡੋਗਰਾ ਵੀ ਚੰਡੀਗੜ੍ਹ ਤੋਂ ਘਟਨਾ ਸਥਾਨ 'ਤੇ ਪੁੱਜ ਗਏ ਹਨ।

ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਸਾਰੀਆਂ ਮ੍ਰਿਤਕ ਲਾਸ਼ਾਂ ਨੂੰ ਪੋਸਟ-ਮਾਰਟਮ ਲਈ ਬਠਿੰਡਾ ਦੇ ਸਰਕਾਰੀ ਹਸਪਤਾਲ ਵਿਚ ਲਿਆਂਦਾ ਗਿਆ ਹੈ। ਇਸ ਤੋਂ ਇਲਾਵਾ ਸਾਰੇ ਗੰਭੀਰ ਜ਼ਖਮੀ ਵੀ ਬਠਿੰਡਾ ਹਸਪਤਾਲ ਲਿਆਂਦੇ ਗਏ ਹਨ। ਬਹੁਤੇ ਗੰਭੀਰ ਜ਼ਖਮੀਆਂ ਨੂੰ ਲੁਧਿਆਣਾ ਤੇ ਪੀ. ਜੀ. ਆਈ. ਚੰਡੀਗੜ੍ਹ ਭੇਜਿਆ ਗਿਆ ਹੈ।

ਬਠਿੰਡਾ ਰੇਲਵੇ ਸਟੇਸ਼ਨ 'ਤੇ ਜਾਣਕਾਰੀ ਦੇਣ ਲਈ ਇਕ ਸੂਚਨਾ ਕੇਂਦਰ ਸਥਾਪਿਤ ਕੀਤਾ ਗਿਆ ਹੈ। ਬਠਿੰਡਾ ਹਸਪਤਾਲ ਦੇ ਬਾਹਰ ਜ਼ਖਮੀਆਂ ਦੀ ਸੂਚੀ ਲਾ ਦਿੱਤੀ ਗਈ ਹੈ।

ਅਧਿਕਾਰੀਆਂ ਅਨੁਸਾਰ ਘਟਨਾ ਦੀ ਹਾਲੇ ਤੱਕ ਕਿਸੇ ਨੇ ਜ਼ਿੰਮੇਵਾਰੀ ਨਹੀਂ ਲਈ। ਪੁਲਿਸ ਘਟਨਾ ਦੀ ਜਾਂਚ ਪੜਤਾਲ ਕਰ ਰਹੀ ਹੈ। ਅੰਬਾਲਾ ਤੋਂ ਰੇਲਵੇ ਦੇ ਅਧਿਕਾਰੀ ਅਤੇ ਪਟਿਆਲਾ ਦੇ ਰੇਲਵੇ ਪੁਲਿਸ ਦੇ ਅਧਿਕਾਰੀ ਮੌਕੇ 'ਤੇ ਪਹੁੰਚੇ।

ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਸ: ਜਿੰਦਰ

(ਬਾਕੀ ਸਫਾ 10 ਕਾਲਮ 3)


Punjabi Sanatani

ਫੋਟੋ : ਸ਼ਮਸ਼ੇਰ ਸਿੰਘ ਢਿੱਲੋਂ ਬਠਿੰਡਾ

ਬੰਬ ਧਮਾਕੇ 'ਚ ਤਬਾਹ ਹੋਏ ਡੱਬੇ ਦਾ ਦ੍ਰਿਸ਼।

## ਬਾਦਲ ਵੱਲੋਂ ਬੰਬ ਧਮਾਕੇ ਦੀ ਸਖਤ ਨਿੰਦਾ

## ...ਪਾਸਵਾਨ ਵੱਲੋਂ ਬੰਬ ...ਦੀ ਜਾਂਚ ਦਾ ਹੁਕਮ

...ਲੀ, 8 ਜੁਲਾਈ (ਪੀ. ਟੀ. ਆਈ.)-
... ਰਾਮ ਵਿਲਾਸ ਪਾਸਵਾਨ ਨੇ ਬੰਬ
... ਦੇ ਹੁਕਮ ਦਿੱਤੇ ਹਨ। ਉਨ੍ਹਾਂ ਨੇ
...ਘਦੀਆਂ ਗੱਡੀਆਂ ਦੀ ਸੁਰੱਖਿਆ
...ਆਂ ਵੀ ਹਦਾਇਤਾਂ ਦਿੱਤੀਆਂ ਹਨ।
... ਜਾਂਚ ਰੇਲਵੇ ਸੁਰੱਖਿਆ ਉੱਤਰੀ
...ਸ਼ਨਰ ਸ੍ਰੀ ਵੀ. ਐਸ. ਦੱਤਾ ਵੱਲੋਂ
... ਜੋ ਘਟਨਾ ਸਥਾਨ 'ਤੇ ਪੁੱਜ ਗਏ
...ਸੂਤਰਾਂ ਅਨੁਸਾਰ ਪੰਜਾਬ ਪੁਲਿਸ ਤੇ
...ਆ ਫੋਰਸਾਂ ਵੱਲੋਂ ਵੀ ਬੰਬ ਧਮਾਕੇ ਦੀ
...ਵੇਗੀ। ਪਾਸਵਾਨ ਨੇ ਹਰੇਕ ਮ੍ਰਿਤਕ
... 15 ਹਜ਼ਾਰ ਰੁਪਏ ਤੇ ਹਰੇਕ ਜ਼ਖਮੀ
... ਦੇਣ ਦਾ ਐਲਾਨ ਕੀਤਾ ਹੈ।

## ਘਟਨਾ ਦੀ ਸੂਹ ਦੇਣ ਵਾਲੇ ਨੂੰ ਇਕ ਲੱਖ ਰੁਪਏ ਦੇਣ ਦਾ ਐਲਾਨ

ਬਠਿੰਡਾ, 8 ਜੁਲਾਈ (ਸ.ਰ.)-ਪੰਜਾਬ ਪੁਲਿਸ ਮੁਖੀ ਸ੍ਰੀ ਪੂਰਨ ਚੰਦ ਡੋਗਰਾ ਨੇ ਅੱਜ ਇਥੇ ਐਲਾਨ ਕੀਤਾ ਕਿ ਰੇਲ ਗੱਡੀ ਬੰਬ ਕਾਂਡ ਦੇ ਦੋਸ਼ੀਆਂ ਦੀ ਸੂਹ ਦੇਣ ਵਾਲੇ ਵਿਅਕਤੀ, ਜਿਸ ਦਾ ਨਾਂ ਖੁਫੀਆ ਰੱਖਿਆ ਜਾਵੇਗਾ ਨੂੰ ਇਕ ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ।

ਘਟਨਾ ਸਥਾਨ ਦਾ ਦੌਰਾ ਕਰਨ ਉਪਰੰਤ ਸ੍ਰੀ ਡੋਗਰਾ ਨੇ ਕਿਹਾ ਕਿ ਪੰਜਾਬ ਪੁਲਿਸ ਪੰਜਾਬ ਅਮਨ ਭੰਗ ਕਰਨ ਵਾਲੀਆਂ ਸ਼ਕਤੀਆਂ ਦੇ ਮਨਸੂਬੇ ਸਫਲ ਨਹੀਂ ਹੋਣ ਦੇਵੇਗੀ। ਉਨ੍ਹਾਂ ਕਿਹਾ ਕਿ ਇਸ ਘਟਨਾ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਫਿਲਹਾਲ ਇਸ ਘਟਨਾ ਦੀ ਜ਼ਿੰਮੇਵਾਰੀ ਕਿਸੇ ਨੇ ਨਹੀਂ ਲਈ।

ਕਾਰੀ ਸੰਪਾਦਕ (ਸਵ.) ਡਾ: ਸਾਧੂ ਸਿੰਘ ਹਮਦਰਦ
Daily Ajit, Jalandha
ਰਜਿ: ਨੰ:Pb/JL-29 ਜਿਲਦ 42, ਅੰਕ 190
ਜਲੰਧਰ : ਵੀਰਵਾਰ : 27 ਹਾੜ ਸੰਮਤ 2054 : 10 ਜੁਲਾਈ, 1997 ਮੁੱਲ : 2


Punjabi Sanatani

ਰੀ ਸ: ਪ੍ਰਕਾਸ਼ ਸਿੰਘ ਬਾਦਲ ਬੁੱਧਵਾਰ ਨੂੰ ਬਠਿੰਡੇ ਦੇ ਇਕ ਹਸਪਤਾਲ ਵਿਚ ਰੇਲ ਦੁਖਾਂਤ ਦੇ ਜ਼ਖਮੀਆਂ ਦਾ ਹਾਲ-ਚਾਲ ਪੁੱਛਦੇ ਹੋਏ। ਵਿਚ ਵਿੱਤ ਮੰਤਰੀ ਕੈਪਟਨ ਕੰਵਲਜੀਤ ਸਿੰਘ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ: ਬਲਵਿੰਦਰ ਸਿੰਘ ਭੂੰਦੜ (ਐਨ ਖੱਬੇ) ਰ ਆ ਰਹੇ ਹਨ।

ਫੋਟੋ : ਸ਼ਮਸ਼ੇਰ ਸਿੰਘ ਢਿੱਲੋਂ

# ਅੱਤਵਾਦ ਨੂੰ ਸ਼ਹਿ ਦੇ
# ਪਾਕਿਸਤਾਨ ਨੂੰ ਤਾੜ

ਹੁਕਮ ਚੰਦ ਸ਼ਰਮਾ

ਬਠਿੰਡਾ, 9 ਜੁਲਾਈ-ਪੰਜਾਬ ਦੇ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੇ ਅੱਜ ਇਥੇ ਦੱਸਿਆ ਕਿ ਉਨ੍ਹਾਂ ਨੇ ਅੱਜ ਹੀ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਗੁਜਰਾਲ ਨਾਲ ਟੈਲੀਫੋਨ ਰਾਹੀਂ ਗੱਲਬਾਤ ਕਰਕੇ ਉਨ੍ਹਾਂ ਨੂੰ ਅਪੀਲ ਕੀਤੀ ਹੈ ਕਿ ਕੇਂਦਰ ਸਰਕਾਰ ਕੌਮਾਂਤਰੀ ਸਰਹੱਦ ਤੋਂ ਪਾਰ ਅੱਤਵਾਦੀਆਂ ਦੇ ਪੰਜਾਬ ਵਿਚ ਦਾਖਲੇ ਨੂੰ ਸਖਤੀ ਨਾਲ ਰੋਕੇ ਅਤੇ ਪਾਕਿਸਤਾਨ ਵੱਲੋਂ ਪੰਜਾਬ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਅੱਤਵਾਦੀਆਂ ਰਾਹੀਂ ਭੰਨਤੋੜ ਅਤੇ

## ਅਮਨ-ਕਾਨੂੰਨ ਦੇ ਜਾਇਜ਼ੇ ਲਈ ਉੱਚ-ਪੱਧਰੀ ਮੀਟਿੰਗ ਅੱਜ

ਹਿੰਸਾ ਫੈਲਾਉਣ ਦੀਆਂ ਕਾਰਵਾਈਆਂ ਨੂੰ ਰੋਕਣ ਲਈ ਉਥੋਂ ਦੀ ਸਰਕਾਰ ਨਾਲ ਦੋ ਟੁੱਕ ਗੱਲ ਕੀਤੀ ਜਾਵੇ।

ਅੱਜ ਇਥੇ ਖਚਾਖਚ ਭਰੀ ਇਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ: ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਗੁਜਰਾਲ ਨੇ ਉਨ੍ਹਾਂ ਨੂੰ ਯਕੀਨ ਦਿਵਾਇਆ ਹੈ ਕਿ ਕੇਂਦਰ ਸਰਕਾਰ ਇਸ ਸਬੰਧੀ ਮੁਨਾਸਿਬ ਕਦਮ ਚੁੱਕੇਗੀ ਅਤੇ ਪੰਜਾਬ ਵਿਚ ਅੱਤਵਾਦ ਨੂੰ ਮੁੜ ਤੋਂ

ਨਾਲ ਵਿਚਾਰ ਵਟਾਂਦਰਾ ਕੀਤਾ ਜ

ਕੱਲ੍ਹ ਬਾਅਦ ਦੁਪਹਿ
ਸ੍ਰੀਗੰਗਾਨਗਰ ਅੰਬਾਲਾ ਮੁਸਾਫਰ
ਵਿਚ ਲਹਿਰਾ ਖਾਨਾ ਰੇਲਵੇ ਸਟੇਸ਼ਨ
ਧਮਾਕੇ ਨੂੰ ਬਹੁਤ ਹੀ ਦੁਖਦਾਈ ਕਰ
ਵਿਅਕਤੀਆਂ ਦੇ ਪਰਿਵਾਰਾਂ ਨਾਲ
ਸ਼੍ਰੋਮਣੀ ਅਕਾਲੀ ਦਲ ਵੱਲੋਂ ਹਮਦ
ਕੀਤਾ।

ਮੁੱਖ ਮੰਤਰੀ ਨੇ ਆਪਣੀ ਸਰ
ਨਿਸਚਾ ਦੁਹਰਾਇਆ ਕਿ ਸ਼੍ਰੋਮਣੀ
ਭਾਰਤੀ ਜਨਤਾ ਪਾਰਟੀ ਦੀ ਸਰਕਾ
ਕੀਮਤ ਤੇ ਅਮਨ ਅਤੇ ਭਾਈਚਾਰੇ

ਸ: ਬਾਦਲ ਨੇ ਕਿਹਾ ਕਿ ਇਸ
ਤੱਕ ਜਾਇਆ ਜਾਵੇਗਾ ਅਤੇ
ਦੋਸ਼ੀਆਂ ਨੂੰ ਬਖਸ਼ਿਆ ਨਹੀਂ ਜਾਵੇ
ਬਠਿੰਡਾ ਜ਼ਿਲ੍ਹੇ ਦੇ ਲੋਕਾਂ ਦੀ ਇਸ ਗੱਲ
ਕੀਤੀ ਜਿਨ੍ਹਾਂ ਨੇ ਜ਼ਖਮੀਆਂ ਨੂੰ
ਪਹੁੰਚਾਇਆ, ਜ਼ਖਮੀਆਂ ਦੇ ਇਲਾ
ਕੀਤਾ ਅਤੇ ਲੰਗਰ ਆਦਿ ਲਾ ਕੇ ਦ
ਕੀਤੀ।

## ਰਾਹਤ ਦਾ ਐਲਾ

# ਜਰਾਲ ਸਰਕਾਰ ਵਿਸ਼ਵਾਸ ਗਵਾ ਚੁੱਕੀ ਹੈ-ਅਡਵਾਨੀ

# ਬਾਘਾਪੁਰਾਣਾ 'ਚ ਫਾਇਰਿੰਗ-ਤਿੰਨ ਹਲਾਕ ਤਿੰਨ ਫੱਟੜ

ਬਾਘਾ ਪੁਰਾਣਾ, 9 ਜੁਲਾਈ (ਅਜੀਤ ਬਿਊਰੋ) ਅੱਜ ਰਾਤ ਕੋਈ 8.30 ਵਜੇ ਇਕ ਅਣਪਛਾਤੇ ਵਿਅਕਤੀ ਨੇ ਇਥੇ ਕਾਲੇਕੇ ਰੋਡ 'ਤੇ ਸਥਿਤ ਦੁਰਗਾ ਮੰਦਰ ਵਿਚ ਦਾਖਲ ਹੋ ਕੇ ਫਾਇਰਿੰਗ ਕਰਕੇ ਮੰਦਰ ਦੇ ਪੁਜਾਰੀ ਰਾਮ ਕੁਮਾਰ ਦੇ 15 ਸਾਲਾ ਲੜਕੇ ਰਾਜਿੰਦਰ ਕੁਮਾਰ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਇਸ ਦੌਰਾਨ ਉਸ ਦੀ ਪਤਨੀ ਮੁੰਨੀ ਸਖਤ ਜ਼ਖਮੀ ਹੋ ਗਈ। ਬਾਅਦ ਵਿਚ ਉਸ ਨੇ ਭੱਜੇ ਜਾਂਦਿਆਂ ਖੇਤਾਂ ਵਿਚ ਇਕ ਟਿਊਬਵੈੱਲ 'ਤੇ ਬੈਠੇ ਭਈਆਂ 'ਤੇ ਫਾਇਰਿੰਗ ਕੀਤੀ ਜਿਸ ਨਾਲ ਦੋ ਮਜ਼ਦੂਰ ਮਾਰੇ ਗਏ ਤੇ 2 ਹੋਰ ਜ਼ਖਮੀ ਹੋ ਗਏ।

ਮਿਲੀ ਸੂਚਨਾ ਅਨੁਸਾਰ ਉਕਤ ਅਣਪਛਾਤੇ ਵਿਅਕਤੀ ਨੇ ਮੰਦਰ ਵਿਚ ਫਾਇਰਿੰਗ ਕਰਨ ਤੋਂ ਬਾਅਦ ਦੋ ਹਥਗੋਲੇ ਵੀ ਸੁੱਟੇ ਜਿਨ੍ਹਾਂ ਵਿਚੋਂ ਇਕ ਫਟ ਗਿਆ। ਹਥਗੋਲਾ ਫਟਣ ਨਾਲ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਪਰ ਫਰਨੀਚਰ ਤੇ ਬਾਰੀਆਂ ਦੇ ਸ਼ੀਸ਼ੇ ਟੁੱਟ ਗਏ।

## ਸ਼ਹਿਰ ਵਿਚ ਅੱਜ ਰੋਸ ਹੜਤਾਲ

ਦੋ ਜ਼ਖਮੀ ਭਈਆਂ ਦੀ ਹਾਲਤ ਵੀ ਗੰਭੀਰ ਦੱਸੀ ਜਾਂਦੀ ਹੈ। ਉਨ੍ਹਾਂ ਨੂੰ ਮੋਗਾ ਦੇ ਹਸਪਤਾਲ ਵਿਚ ਭੇਜ ਦਿੱਤਾ ਗਿਆ।

ਇਸ ਤੋਂ ਪਿੱਛੋਂ ਉਸ ਨੇ ਆਤਮਾ ਸਿੰਘ ਨਾਮੀ ਇਕ ਵਿਅਕਤੀ ਕੋਲੋਂ ਪਿਸਤੌਲ ਦੀ ਨੋਕ 'ਤੇ ਉਸ ਦਾ ਸਾਈਕਲ ਖੋਹ ਲਿਆ ਤੇ ਉਸ ਉੱਪਰ ਸਵਾਰ ਹੋ ਕੇ ਭੱਜ ਗਿਆ।

ਮ੍ਰਿਤਕ ਰਾਜਿੰਦਰ ਕੁਮਾਰ +2 ਦਾ ਵਿਦਿਆਰਥੀ

ਜਥੇਬੰਦੀਆਂ ਨੇ ਕੱਲ੍ਹ ਵੀਰਵਾਰ ਨੂੰ ਇਸ ਘਟਨਾ ਵਿਰੁੱਧ ਰੋਸ ਵਜੋਂ ਬਾਘਾਪੁਰਾਣਾ ਬੰਦ ਦਾ ਸੱਦਾ ਦਿੱਤਾ ਹੈ।

ਹੋਰ ਸੂਚਨਾ ਅਨੁਸਾਰ ਇਤਲਾਹ ਮਿਲਦਿਆਂ ਹੀ ਡੀ. ਐਸ. ਪੀ. ਭਾਰੀ ਫੋਰਸ ਨਾਲ ਮੌਕੇ 'ਤੇ ਪੁੱਜ ਗਏ। ਉਨ੍ਹਾਂ ਦੋਸ਼ੀਆਂ ਦੀ ਭਾਲ ਸ਼ੁਰੂ ਕਰ ਦਿੱਤੀ। ਇਸ ਘਟਨਾ ਕਾਰਨ ਸਾਰੇ ਸ਼ਹਿਰ ਵਿਚ ਭਾਰੀ ਸਹਿਮ ਪਾਇਆ ਜਾ ਰਿਹਾ ਹੈ। ਸਾਰੇ ਜ਼ਿਲ੍ਹੇ ਵਿਚ ਪੁਲਿਸ ਨੂੰ ਚੌਕਸ ਕਰ ਦਿੱਤਾ ਗਿਆ ਹੈ। ਮ੍ਰਿਤਕ ਮਜ਼ਦੂਰਾਂ ਦੀ ਪਹਿਚਾਣ ਨਹੀਂ ਹੋ ਸਕੀ।

## ਹਵਾਈ ਫੌਜ ਨੂੰ ਮਜ਼ਬੂਤ ਕਰਨ ਦੀ ਯੋਜਨਾ

ਨਾਗਪੁਰ, 9 ਜੁਲਾਈ (ਪੀ. ਟੀ. ਆਈ.)- ਭਾਰਤੀ ਹਵਾਈ ਫੌਜ ਉਨ੍ਹਾਂ ਖੇਤਰਾਂ ਦੀ ਪਛਾਣ ਕਰੇਗੀ ਜਿਨ੍ਹਾਂ ਵਿਚ ਵਿਕਾਸ ਕਰਨ ਦੀ ਲੋੜ ਹੈ ਤਾਂ ਜੋ ਗਵਾਂਢੀ ਦੇਸ਼ਾਂ ਨਾਲੋਂ ਰੱਖਿਆ ਖੇਤਰ ਵਿਚ ਹੱਥ ਉਪਰ ਰੱਖ ਕੇ ਕਿਸੇ ਵੀ ਵਿਦੇਸ਼ੀ ਹਮਲੇ ਨੂੰ ਟਾਲਿਆ ਜਾ ਸਕੇ। ਇਹ

## ਦੋ ਨਕਸਲੀ ਹਲਾਕ ਇਕ ਜ਼ਖਮੀ

ਹੈਦਰਾਬਾਦ, 9 ਜੁਲਾਈ (ਪੀ. ਟੀ. ਆਈ.)- ਆਂਧਰਾ ਪ੍ਰਦੇਸ਼ ਦੇ ਜ਼ਿਲ੍ਹਾ ਖਮਾਮ ਵਿਚ ਦੋ ਨਕਸਲੀ ਮਾਰੇ ਗਏ ਅਤੇ ਇਕ ਹੋਰ ਜ਼ਖਮੀ ਹੋ ਗਿਆ ਜਦੋਂ ਇਕ ਵਿਰੋਧੀ ਧੜੇ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ।

ਪੁਲਿਸ ਸੂਤਰਾਂ ਨੇ ਦੱਸਿਆ ਕਿ ਸੀ. ਪੀ. ਆਈ.

Punjabi Sanatani

# 4 ਹੋਰ ਜ਼ਖਮੀਆਂ ਦੇ ਮਰਨ ਨਾਲ ਧਮਾਕੇ 'ਚ ਮੌਤਾਂ ਦੀ ਗਿਣਤੀ 38 ਹੋਈ

## 23 ਮ੍ਰਿਤਕਾਂ ਦੀ ਸ਼ਨਾਖਤ ਬਠਿੰਡਾ ਤੇ ਕਈ ਹੋਰ ਥਾਂ ਬੰਦ

ਬਠਿੰਡਾ, 9 ਜੁਲਾਈ (ਸਟਾਫ਼ ਰਿਪੋਰਟਰ)-ਬਠਿੰਡਾ-ਅੰਬਾਲਾ ਰੇਲ ਮਾਰਗ 'ਤੇ ਪਿੰਡ ਲੈਹਰਾਖਾਨਾ ਰੇਲਵੇ ਸਟੇਸ਼ਨ 'ਤੇ ਕੱਲ੍ਹ ਬਾਅਦ ਦੁਪਹਿਰ 336 ਡਾਊਨ ਸ੍ਰੀ ਗੰਗਾ ਨਗਰ-ਅੰਬਾਲਾ ਮੁਸਾਫਿਰ ਗੱਡੀ ਦੇ ਇਕ ਡੱਬੇ ਵਿਚ ਹੋਏ ਜ਼ਬਰਦਸਤ ਧਮਾਕੇ ਵਿਚ 4 ਹੋਰ ਜ਼ਖਮੀਆਂ ਦੇ ਦਮ ਤੋੜ ਜਾਣ ਨਾਲ ਮੌਤਾਂ ਦੀ ਗਿਣਤੀ ਅੱਜ 38 ਹੋ ਗਈ, ਜਿਨ੍ਹਾਂ ਵਿਚੋਂ ਹੁਣ ਤੱਕ 23 ਲਾਸ਼ਾਂ ਦੀ ਸ਼ਨਾਖਤ ਹੋ ਗਈ ਹੈ, ਜਦੋਂ ਕਿ 22 ਗੰਭੀਰ ਜ਼ਖਮੀਆਂ ਨੂੰ ਲੁਧਿਆਣਾ, ਪਟਿਆਲਾ ਅਤੇ ਹੋਰ ਹਸਪਤਾਲਾਂ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਇਸ ਸਮੇਂ ਬਠਿੰਡਾ ਦੇ ਸਰਕਾਰੀ ਹਸਪਤਾਲ ਵਿਚ ਕੁੱਲ 39 ਜ਼ਖਮੀ ਦਾਖਲ ਹਨ।

ਅੱਜ ਬੁੱਧਵਾਰ 3 ਜ਼ਖਮੀ ਦਇਆਨੰਦ ਮੈਡੀਕਲ ਕਾਲਜ ਹਸਪਤਾਲ ਲੁਧਿਆਣਾ ਵਿਚ ਅਤੇ ਇਕ ਰਾਜਿੰਦਰਾ ਹਸਪਤਾਲ ਪਟਿਆਲਾ ਵਿਚ ਦਮ ਤੋੜ ਗਿਆ। ਹਾਲਾਂ ਵੀ 58 ਜ਼ਖਮੀ ਵੱਖ-ਵੱਖ ਹਸਪਤਾਲਾਂ ਵਿਚ ਜ਼ੇਰੇ ਇਲਾਜ ਹਨ।

ਇਸ ਬੰਬ ਕਾਂਡ ਵਿਰੁੱਧ ਰੋਸ ਵਜੋਂ ਸਰਬ ਪਾਰਟੀ ਸੱਦੇ ਤੇ ਅੱਜ 4 ਘੰਟਿਆਂ ਲਈ ਬਠਿੰਡਾ ਦੇ ਸਾਰੇ ਪ੍ਰਮੁੱਖ ਬਾਜ਼ਾਰ ਬੰਦ ਰਹੇ।

ਬਠਿੰਡਾ ਜ਼ਿਲ੍ਹੇ ਦੇ ਸਿਵਲ ਸਰਜਨ ਡਾਕਟਰ ਬਾਵਾ ਰਾਮ ਗੁਪਤਾ ਨੇ 'ਅਜੀਤ' ਨੂੰ ਦੱਸਿਆ ਕਿ ਜਿਨ੍ਹਾਂ 21 ਲਾਸ਼ਾਂ ਦੀ ਹੁਣ ਤੱਕ ਸ਼ਨਾਖਤ ਹੋਈ ਹੈ, ਉਨ੍ਹਾਂ ਵਿਚ 14 ਮਰਦ, 10 ਔਰਤਾਂ, 7 ਛੋਟੇ ਲੜਕੇ ਅਤੇ 3 ਲੜਕੀਆਂ ਸ਼ਾਮਿਲ ਹਨ। ਇਕ ਪ੍ਰਸ਼ਨ ਦੇ ਉੱਤਰ ਵਿਚ ਉਨ੍ਹਾਂ ਕਿਹਾ ਕਿ ਇਸ ਵੇਲੇ ਬਠਿੰਡਾ ਹਸਪਤਾਲ ਵਿਚ ਕੇਵਲ 2 ਮਰੀਜ਼ਾਂ ਦੀ ਹਾਲਤ ਚਿੰਤਾਜਨਕ ਹੈ, ਜਦੋਂ ਕਿ ਬਾਕੀ ਦੀ ਹਾਲਤ ਸਥਿਰ ਹੈ। ਉਨ੍ਹਾਂ ਕਿਹਾ ਕਿ 14 ਜ਼ਖਮੀਆਂ ਨੂੰ ਲੁਧਿਆਣਾ ਦੇ ਡੀ.ਐਮ.ਸੀ. ਹਸਪਤਾਲ, 3 ਨੂੰ ਰਜਿੰਦਰਾ ਹਸਪਤਾਲ ਪਟਿਆਲਾ, 2 ਸਥਾਨਕ ਫੌਜੀ ਹਸਪਤਾਲ ਅਤੇ 1 ਏਅਰ ਫੋਰਸ ਦੇ ਹਸਪਤਾਲ ਵਿਚ ਅਤੇ ਜ਼ਖਮੀਆਂ ਦੇ ਵਾਰਸਾਂ ਦੀ ਬੇਨਤੀ 'ਤੇ ਇੱਥੇ ਹੀ ਇਕ ਪ੍ਰਾਈਵੇਟ ਹਸਪਤਾਲ ਵਿਚ ਦਾਖਲ ਕੀਤੇ ਗਏ ਹਨ। 2 ਜ਼ਖਮੀਆਂ ਨੂੰ ਹਸਪਤਾਲ ਵਿਚੋਂ ਛੁੱਟੀ ਦੇ ਦਿੱਤੀ ਗਈ ਹੈ।


ਉਨ੍ਹਾਂ ਕਿਹਾ ਕਿ ਬਠਿੰਡਾ ਹਸਪਤਾਲ ਵਿਚ ਲਗਾਤਾਰ ਜ਼ਖਮੀਆਂ ਦੀ ਦੇਖਭਾਲ ਹੁੰਦੀ ਰਹੀ। 100 ਤੋਂ ਵੱਧ ਲੋਕਾਂ ਨੇ ਖੂਨਦਾਨ ਕੀਤਾ ਅਤੇ ਦਵਾਈਆਂ ਦੀ ਕੋਈ ਘਾਟ ਨਹੀਂ ਰਹੀ। ਇਸ ਕਰਕੇ ਪਹਿਲੇ 2 ਘੰਟਿਆਂ ਵਿਚ ਬਹੁਤ ਹੀ ਗੰਭੀਰ 4 ਜ਼ਖਮੀਆਂ ਦੀ ਮੌਤ ਤੋਂ ਬਾਅਦ ਕਿਸੇ ਵੀ ਜ਼ਖਮੀ ਦੀ ਮੌਤ ਨਹੀਂ ਹੋਈ। ਉਨ੍ਹਾਂ ਕਿਹਾ ਕਿ ਬਠਿੰਡਾ ਦੇ ਪ੍ਰਾਈਵੇਟ ਡਾਕਟਰ ਵੀ ਹਸਪਤਾਲ ਵਿਚ ਜ਼ਖਮੀਆਂ ਦੀ ਦੇਖ-ਭਾਲ ਲਈ ਪਹੁੰਚ ਗਏ। ਇਸ ਤਰ੍ਹਾਂ ਇਕ-ਇਕ ਜ਼ਖਮੀਆਂ ਤੇ ਇਕ-ਇਕ ਡਾਕਟਰ ਨੇ ਡਿਊਟੀ ਸੰਭਾਲ ਲਈ ਸੀ।

ਡਾ: ਬਾਵਾ ਰਾਮ ਨੇ ਦੱਸਿਆ ਕਿ ਹੁਣ ਤੱਕ ਸਾਰੀਆਂ ਲਾਸ਼ਾਂ ਦਾ ਪੋਸਟ ਮਾਰਟਮ ਹੋ ਚੁੱਕਿਆ ਹੈ। ਜਿਨ੍ਹਾਂ ਲਾਸ਼ਾਂ ਦੀ ਸ਼ਨਾਖਤ ਹੋ ਗਈ ਹੈ ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ: (1) ਅਮਰਜੀਤ ਕੌਰ ਪਤਨੀ ਜਗਦੇਵ ਸਿੰਘ, (2) ਲੜਕਾ ਜਸਪ੍ਰੀਤ ਸਿੰਘ, ਪੁੱਤਰ ਜਗਦੇਵ ਸਿੰਘ (3) ਲੜਕੀ ਬਬਲੀ ਵਸਨੀਕ ਪੁੱਤਰੀ ਜਗਦੇਵ ਸਿੰਘ ਰਾਜੋਮਾਜਰਾ, ਧੂਰੀ ਸ਼ਾਮਿਲ ਹੈ, (4) ਕਿਰਨਜੀਤ ਕੌਰ ਪੁੱਤਰੀ ਸਾਧੂ ਸਿੰਘ ਪਿੰਡ ਬੁਰਜ ਕਾਹਨ ਸਿੰਘ ਵਾਲਾ ਜ਼ਿਲ੍ਹਾ ਬਠਿੰਡਾ, (5) ਗਗਨੀ ਪੁੱਤਰ ਨਰਿੰਦਰ ਪਾਲ ਸਿੰਘ ਵਾਸੀ ਧੂਰੀ, (6) ਭੀਸ਼ਣ ਕੁਮਾਰ ਜਿੰਦਲ ਪੁੱਤਰ ਸਰੂਪ ਚੰਦ ਵਸਨੀਕ ਧੂਰੀ, (7) ਓਮ ਪ੍ਰਕਾਸ਼ ਪੁੱਤਰ ਭਾਗਮੱਲ ਵਸਨੀਕ ਪਰਸ ਰਾਮ ਨਗਰ, (8) ਸੁਨੀਤਾ ਪੁੱਤਰੀ ਰਮੇਸ਼ ਕੁਮਾਰ ਵਸਨੀਕ ਆਜ਼ਾਦ ਨਗਰ ਚਿਕਸਾਨਾ, ਰਾਜਸਥਾਨ, (9) ਜਤਿੰਦਰ ਪੁੱਤਰ ਰਾਮ ਪ੍ਰਕਾਸ਼ ਵਸਨੀਕ 268 ਬਲਾਕ ਸਿਰਸਾ, (10) ਪਵਨ ਕੁਮਾਰ ਪੁੱਤਰ ਭਗਵਾਨ ਦਾਸ ਮਹਿਲ ਕਲਾਂ ਜ਼ਿਲ੍ਹਾ ਸੰਗਰੂਰ, (11) ਲਛਮਣ ਪੁੱਤਰ ਵਜ਼ੀਰਾ ਰਾਮ ਵਸਨੀਕ ਬਾਜੌਰ ਨਜ਼ਦੀਕ ਅਨੂਪਗੜ੍ਹ ਰਾਜਸਥਾਨ, (12) ਸਵਿੱਤਰੀ ਪਤਨੀ ਦੇਸ ਰਾਜ ਬੰਗੀ ਰੋਡ ਰਾਮਾ ਮੰਡੀ ਜ਼ਿਲ੍ਹਾ ਬਠਿੰਡਾ, (13) ਲਾਜਵੰਤੀ ਪਤਨੀ ਬੰਤ ਰਾਮ ਵਸਨੀਕ ਰਾਮਾ ਮੰਡੀ ਜ਼ਿਲ੍ਹਾ ਬਠਿੰਡਾ, (14) ਕੁੰਦਨ

(ਬਾਕੀ ਸਫਾ 10 ਕਾਲਮ 1)

Punjabi Sahalani

# ਲੋਕਾਂ ਵੱਲੋਂ ਬੇਮਿਸਾਲ ਸਹਿਯੋਗ ਮਿਲਿਆ





ਲਹਿਰਾਖਾਨਾ (ਭੁੱਚੋ ਮੰਡੀ) ਵਿਖੇ ਹੋਏ ਰੇਲ ਬੰਬ ਕਾਂਡ ਦੇ ਰੋਸ ਵਜੋਂ ਪੂਰੀ ਬੰਦ ਦਾ ਦ੍ਰਿਸ਼। ਹੇਠਾਂ ਸ਼ਹਿਰ ਨਿਵਾਸੀਆਂ ਵੱਲੋਂ ਕੀਤੇ ਰੋਸ ਮਾਰਚ ਦਾ ਦ੍ਰਿਸ਼।

ਫੋਟੋ : ਦੀਪਕ ਪੁਰੀ

ਵਿਅਕਤੀਆਂ ਦੀ ਮੌਤ ਹੋ ਗਈ, ਜਿਸ ਵਿਚ 2 ਬੱਚੇ, ਇਕ ਔਰਤ ਸ਼ਾਮਿਲ ਹਨ। ਜਦ ਕਿ ਇਸੇ ਪਰਿਵਾਰ ਦੀ ਇਕ ਬੱਚੀ ਬੁਰੀ ਤਰ੍ਹਾਂ ਜ਼ਖਮੀ ਹੋ ਗਈ। ਬਾਕੀ ਦੋ ਮ੍ਰਿਤਕਾਂ ਵਿਚ ਰਾਜੂ (18) ਤੇ ਗੋਗੀ (17) ਸ਼ਾਮਿਲ ਹਨ ਜਦ ਕਿ ਗੋਗੀ ਦਾ ਵੱਡਾ ਭਰਾ ਬੁਰੀ ਤਰ੍ਹਾਂ ਜ਼ਖਮੀ ਹੈ। ਇਸ ਕਾਰਨ ਸ਼ਹਿਰ ਵਿਚ ਹੜਤਾਲ ਰਹੀ ਅਤੇ ਦੁਕਾਨਾਂ ਪੂਰੀ ਤਰ੍ਹਾਂ ਬੰਦ ਰਹੀਆਂ। ਸ਼ਹਿਰ ਵਿਚ ਚਾਰੇ ਪਾਸੇ ਆਤੰਕ ਦਾ ਮਾਹੌਲ ਫੈਲਿਆ ਹੋਇਆ ਹੈ।

ਲੁਧਿਆਣਾ ਤੋਂ ਸਟਾਫ ਰਿਪੋਰਟਰ ਅਨੁਸਾਰ ਬਠਿੰਡਾ ਨੇੜੇ ਲਹਿਰਾਖਾਨਾ ਵਿਖੇ ਰੇਲ ਗੱਡੀ ਵਿਚ ਹੋਏ ਬੰਬ ਧਮਾਕੇ ਦੇ 14 ਜ਼ਖਮੀਆਂ ਨੂੰ ਲੁਧਿਆਣਾ ਦੇ ਨਵੇਂ ਦਿਆਨੰਦ ਹਸਪਤਾਲ ਵਿਖੇ ਦਾਖਲ ਕਰਾਇਆ ਗਿਆ ਹੈ। ਇਨ੍ਹਾਂ ਵਿਚੋਂ 4 ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ, ਜਦ ਕਿ ਅੱਧੀ ਦਰਜਨ ਜ਼ਖਮੀਆਂ ਦੀਆਂ ਅੱਖਾਂ ਖਤਮ ਹੋ ਜਾਣ ਦਾ ਖਦਸ਼ਾ ਹੈ।

'ਅਜੀਤ' ਦੇ ਇਸ ਪੱਤਰਕਾਰ ਨੇ ਹਸਪਤਾਲ ਦਾ ਦੌਰਾ ਕਰਨ ਦੌਰਾਨ ਦੇਖਿਆ ਕਿ ਮਰੀਜ਼ਾਂ ਨੂੰ ਵੱਖ-ਵੱਖ ਵਿਭਾਗਾਂ ਵਿਚ ਤਬਦੀਲ ਕੀਤਾ ਗਿਆ ਸੀ, ਜਦ ਕਿ 3 ਮਰੀਜ਼ ਨਿਊਰੋਸਰਜਰੀ ਆਈ.ਸੀ.ਯੂ. ਵਿਭਾਗ ਵਿਚ ਜ਼ੇਰੇ-ਇਲਾਜ ਸਨ। ਇਕ ਮਰੀਜ਼ ਛਾਤੀ ਵਿਭਾਗ ਦੇ 'ਆਈ. ਸੀ. ਯੂ.' ਵਿਚ ਦਾਖਲ ਹੈ। ਨਿਊਰੋ ਸਰਜਰੀ ਵਿਭਾਗ ਦੇ ਮਰੀਜ਼ਾਂ ਮੁਨੀਸ਼ ਜਿੰਦਲ ਬਠਿੰਡਾ (17 ਸਾਲ), ਨਿਹਾਲ ਕੌਰ (50 ਸਾਲ) ਅਤੇ ਬੇ-ਪਛਾਣ 25 ਸਾਲਾਂ ਦੇ ਨੌਜਵਾਨ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ, ਜਦ ਕਿ ਛਾਤੀ ਵਿਭਾਗ ਦੇ ਯੂਨਿਟ ਵਿਚ ਦਾਖਲ ਹਰਪ੍ਰੀਤ ਕੌਰ ਪਟਿਆਲਾ (26 ਸਾਲ) ਦੀ ਹਾਲਤ ਵੀ ਗੰਭੀਰ ਦੱਸੀ ਜਾ ਰਹੀ ਹੈ।

ਸਰਜਰੀ ਵਿਭਾਗ ਵਿਚ ਦਾਖਲ ਚਾਰ ਵਰ੍ਹਿਆਂ ਦੀ ਬੱਚੀ ਦੀ ਵੀ ਪਛਾਣ ਨਹੀਂ ਹੋਈ ਕਿਉਂਕਿ ਉਸ ਦੇ ਪਰਿਵਾਰ ਦੇ ਬਾਕੀ ਜੀਅ ਬੰਬ ਕਾਂਡ ਵਿਚ ਮਾਰੇ ਜਾ ਚੁੱਕੇ ਹਨ। ਪੱਪੀ (30 ਸਾਲ), ਓਮ ਪ੍ਰਕਾਸ਼ (40 ਸਾਲ), ਸਤਨਾਮ ਸਿੰਘ ਬਠਿੰਡਾ (4 ਸਾਲ), ਅਸ਼ੋਕ ਕੁਮਾਰ ਬਠਿੰਡਾ (40 ਸਾਲ), ਰਾਜਿੰਦਰ ਕੌਰ ਸੰਗਰੂਰ (12 ਸਾਲ), ਵਿਜੇ ਕੁਮਾਰ (20 ਸਾਲ), ਸਿਮਰਨ ਪੁੱਤਰੀ ਹਰਪ੍ਰੀਤ ਕੌਰ ਪਟਿਆਲਾ (3 ਸਾਲ) ਅਤੇ ਸੀਤੋ ਦਾ ਵੀ ਇਲਾਜ ਚੱਲ ਰਿਹਾ ਹੈ। ਇਨ੍ਹਾਂ ਵਿਚੋਂ ਪੱਪੀ, ਅਸ਼ੋਕ ਕੁਮਾਰ ਅਤੇ ਦੋ ਅਣਪਛਾਤੇ ਜ਼ਖਮੀਆਂ ਦੀਆਂ ਅੱਖਾਂ ਦੀ ਰੌਸ਼ਨੀ ਜਾਣ ਦਾ ਖਤਰਾ ਬਣਿਆ ਹੋਇਆ ਹੈ।

ਇਸ ਦੌਰਾਨ ਅੱਜ ਬੰਬ ਧਮਾਕੇ ਦੀ ਵੱਖ-ਵੱਖ ਵਰਗਾਂ ਦੇ ਆਗੂਆਂ ਨੇ ਸਖਤ ਨਿੰਦਾ ਕੀਤੀ ਹੈ। ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਬੰਬ ਕਾਂਡ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਜਿਨ੍ਹਾਂ ਲੋਕਾਂ ਨੇ ਇਹ ਕਾਰਾ ਕੀਤਾ ਹੈ, ਉਹ ਇਨਸਾਨ ਨਹੀਂ ਹੋ ਸਕਦੇ।

ਅਕਾਲੀ ਦਲ ਦੇ ਮੀਤ ਪ੍ਰਧਾਨ ਜਥੇਦਾਰ ਅਮਰਜੀਤ ਸਿੰਘ ਭਾਟੀਆ, ਕੌਂਸਲਰ ਸ: ਕੁਲਵੰਤ ਸਿੰਘ ਦੁਖੀਆ, ਸਾਬਕਾ ਕੌਂਸਲਰ ਸ: ਬਲਰਾਜ ਸਿੰਘ ਗਿੱਲ ਅਤੇ ਸ: ਪਾਲ ਸਿੰਘ ਗਰੇਵਾਲ ਤੋਂ ਇਲਾਵਾ ਸਰਕਲ ਸਰਗੋਧਾ ਕਾਲੋਨੀ ਦੇ ਪ੍ਰਧਾਨ ਸ: ਕੰਵਲਜੀਤ ਸਿੰਘ ਡੰਗ, ਅਕਾਲੀ ਆਗੂ ਸ: ਸ਼ਰਨਜੀਤ ਸਿੰਘ ਸਿੱਬਲ ਅਤੇ ਸ: ਪ੍ਰੀਤਮ ਸਿੰਘ ਭਰੋਵਾਲ ਨੇ ਵੀ ਵੱਖ-ਵੱਖ ਬਿਆਨ ਜਾਰੀ ਕਰਕੇ ਬੰਬ ਧਮਾਕੇ ਦੀ ਨਿੰਦਾ ਕੀਤੀ ਹੈ। ਉਨ੍ਹਾਂ

- TRIALS

ਕੀਤਾ। ਉਨ੍ਹਾਂ ਹਸਪਤਾਲ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਪੀੜਤ ਵਿਅਕਤੀਆਂ ਦੀ ਵੱਧ ਤੋਂ ਵੱਧ ਮਦਦ ਕਰਨ। ਇਸ ਸਮੇਂ ਡਾ: ਜੀ. ਪੀ. ਚੰਦਰਾ ਸਿਵਲ ਸਰਜਨ ਵੀ ਹਾਜ਼ਰ ਸਨ। ਉਨ੍ਹਾਂ ਐਲਾਨ ਕੀਤਾ ਕਿ ਸਿਵਲ ਹਸਪਤਾਲ ਦਾ ਇਕ ਡਾਕਟਰ ਹਰ ਸਮੇਂ ਜ਼ਖਮੀਆਂ ਦੀ ਮਦਦ ਲਈ ਦਿਆਨੰਦ ਹਸਪਤਾਲ ਵਿਖੇ ਹਾਜ਼ਰ ਰਹੇਗਾ।

### ਭੱਠਲ ਵੱਲੋਂ ਨਿੰਦਾ

ਕਾਂਗਰਸ ਪ੍ਰਧਾਨ ਸ੍ਰੀਮਤੀ ਰਾਜਿੰਦਰ ਕੌਰ ਭੱਠਲ ਅਤੇ ਜਨਰਲ ਸਕੱਤਰ ਚੌਧਰੀ ਸੰਤੋਖ ਸਿੰਘ ਨੇ ਆਖਿਆ ਕਿ ਹਰ ਇਕ ਸਮਝਦਾਰ ਵਿਅਕਤੀ ਨੂੰ ਅਜਿਹੀ ਦਰਦਨਾਕ ਘਟਨਾ ਦੀ ਨਿੰਦਾ ਕਰਨੀ ਚਾਹੀਦੀ ਹੈ ਕਿਉਂਕਿ ਇਹ ਘਟਨਾ ਇਨਸਾਨੀਅਤ ਵਿਰੁੱਧ ਜੁਰਮ ਹੈ। ਕਾਂਗਰਸੀ ਨੇਤਾਵਾਂ ਨੇ ਆਖਿਆ ਕਿ ਅਕਾਲੀ-ਭਾਜਪਾ ਸਰਕਾਰ ਨੂੰ ਰਾਜ ਵਿਚ ਖਾੜਕੂਵਾਦ ਦੇ ਖਤਰੇ ਵਿਰੁੱਧ ਕਾਂਗਰਸ ਵੱਲੋਂ ਚਿਤਾਵਨੀ ਦਿੱਤੀ ਗਈ ਸੀ।

### ਭਾਈ ਰਣਜੀਤ ਸਿੰਘ

ਅੰਮ੍ਰਿਤਸਰ (ਵਿ. ਪ੍ਰ.) ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਰਣਜੀਤ ਸਿੰਘ ਨੇ ਅੱਜ ਬਠਿੰਡਾ ਜ਼ਿਲ੍ਹੇ ਵਿਚ ਲਹਿਰਾਖਾਨਾ ਵਿਖੇ ਰੇਲ ਗੱਡੀ ਵਿਚ ਹੋਏ ਬੰਬ ਧਮਾਕੇ ਦੀ ਪੁਰਜ਼ੋਰ ਨਿੰਦਾ ਕੀਤੀ ਹੈ। ਇਕ ਟੈਲੀਵਿਜ਼ਨ ਸੰਦੇਸ਼ ਰਾਹੀਂ ਭਾਈ ਰਣਜੀਤ ਸਿੰਘ ਨੇ ਕਿਹਾ ਕਿ ਇਸ ਅਣਮਨੁੱਖੀ ਵਰਤਾਰੇ ਦੀ ਜਿੰਨੀ ਵੀ ਨਿਖੇਧੀ ਕੀਤੀ ਜਾਵੇ ਉਨੀ ਹੀ ਘੱਟ ਹੈ। ਉਨ੍ਹਾਂ ਬੰਬ ਧਮਾਕੇ 'ਚ ਮਾਰੇ ਗਏ ਅਤੇ ਜ਼ਖਮੀਆਂ ਦੇ ਪਰਿਵਾਰਾਂ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ।

### ਕਾਲੀਆ ਵੱਲੋਂ ਨਿਖੇਧੀ

ਪੰਜਾਬ ਭਾਜਪਾ ਦੇ ਪ੍ਰਧਾਨ ਸ੍ਰੀ ਮਨੋਰੰਜਨ ਕਾਲੀਆ ਨੇ ਵੀ ਇਸ ਬੰਬ ਧਮਾਕੇ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਘਟਨਾ ਉਨ੍ਹਾਂ ਸ਼ਕਤੀਆਂ ਦੀ ਕਾਰਵਾਈ ਹੈ, ਜਿਨ੍ਹਾਂ ਨੇ ਜਮਹੂਰੀ ਤੌਰ 'ਤੇ ਚੁਣੀ ਹੋਈ ਭਾਜਪਾ-ਅਕਾਲੀ ਸਰਕਾਰ ਨੂੰ ਪਸੰਦ ਨਹੀਂ ਕੀਤਾ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਇਨ੍ਹਾਂ ਸ਼ਕਤੀਆਂ ਨੂੰ ਸਖਤੀ ਨਾਲ ਰੋਕਿਆ ਜਾਏ। ਉਨ੍ਹਾਂ ਇਹ ਵੀ ਕਿਹਾ ਕਿ ਇਸ ਧਮਾਕੇ ਪਿਛੇ ਗਵਾਂਢੀ ਦੇਸ਼ ਦਾ ਹੱਥ ਹੋਣ ਨੂੰ ਰੱਦ ਨਹੀਂ ਕੀਤਾ ਜਾ ਸਕਦਾ।

### ਬਿੱਟਾ ਵੱਲੋਂ ਨਿੰਦਾ

ਭਾਰਤੀ ਯੂਥ ਕਾਂਗਰਸ ਦੇ ਸਾਬਕ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ ਨੇ ਵੀ ਇਸ ਧਮਾਕੇ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਪਾਕਿਸਤਾਨੀ ਏਜੰਸੀ ਆਈ. ਐਸ. ਆਈ. ਦਾ ਕੰਮ ਹੈ।

ਨਵੀਂ ਦਿੱਲੀ-ਸ: ਇਕਬਾਲ ਸਿੰਘ ਐਮ. ਪੀ. ਨੇ ਲਹਿਰਾਖਾਨਾ ਰੇਲਵੇ ਸਟੇਸ਼ਨ 'ਤੇ ਰੇਲ ਗੱਡੀ ਦੇ ਡੱਬੇ ਵਿਚ ਹੋਏ ਬੰਬ ਧਮਾਕੇ ਦੀ ਨਿਖੇਧੀ ਕਰਦਿਆਂ ਧਮਾਕੇ ਦੌਰਾਨ ਮਰਨ ਵਾਲਿਆਂ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਜਿਹੜੀਆਂ ਸ਼ਕਤੀਆਂ ਇਸ ਕਾਂਡ ਪਿੱਛੇ ਹਨ, ਉਨ੍ਹਾਂ ਦਾ ਪਤਾ ਲਗਾ

Punjabi Sanatani

ਬਾਨੀ ਸੰਪਾਦਕ (ਸਵ.) ਡਾ: ਸਾਧੂ ਸਿੰਘ ਹਮਦਰਦ

...ਨੰ Pb/JL-29 ਜਿਲਦ 42, ਅੰਕ 190 ਜਲੰਧਰ : ਵੀਰਵਾਰ : 27 ਹਾੜ ਸੰਮਤ ...



...ਰੀ ਸ: ਪ੍ਰਕਾਸ਼ ਸਿੰਘ ਬਾਦਲ ਬੁੱਧਵਾਰ ਨੂੰ ਬਠਿੰਡੇ ਦੇ ਇਕ ਹਸਪਤਾਲ ਵਿਚ ਰੇਲ ਦੁਖਾਂਤ ਦੇ ਜ਼ਖਮੀਆਂ ਦਾ ਹਾਲ-ਚਾਲ ਪੁੱਛਦੇ ਹੋਏ। ...ਵਿਚ ਵਿੱਤ ਮੰਤਰੀ ਕੈਪਟਨ ਕੰਵਲਜੀਤ ਸਿੰਘ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ: ਬਲਵਿੰਦਰ ਸਿੰਘ ਭੂੰਦੜ (ਐਨ ਖੱਬੇ) ...ਆ ਰਹੇ ਹਨ।

ਫੋਟੋ : ਸ਼ਮਸ਼ੇਰ ਸਿੰਘ ਢਿੱਲੋਂ

# ...ਜਰਾਲ ਸਰਕਾਰ ਵਿਸ਼ਵਾਸ ਗਵਾ ਚੁੱਕੀ ਹੈ-ਅਡਵਾਨੀ

...ਆ, 9 ਜੁਲਾਈ (ਯੂ. ਐਨ. ਆਈ.)- ...ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਲਾਲ ਕ੍ਰਿਸ਼ਨ ...ਨੇ ਕਿਹਾ ਹੈ ਕਿ ਸਾਂਝੇ ਮੋਰਚੇ ਦੇ ਭਾਗੀਦਾਰਾਂ ...ਵਿਸ਼ਵਾਸ ਖਤਮ ਹੋ ਚੁੱਕਾ ਹੈ। ਉਨ੍ਹਾਂ ...ਕਿ ਸਾਂਝੇ ਮੋਰਚੇ ਦਾ ਨਵੇਂ ਸਿਰੇ ਤੋਂ ਗਠਨ ...।

...ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ...ਨੇ ਕਿਹਾ ਕਿ ਇਮਾਨਦਾਰੀ ਇਸੇ ਵਿਚ ...ਮੋਰਚੇ ਨੂੰ ...ੜ ਗਠਿਤ ਕੀਤਾ ਜਾਵੇ ਤੇ ...ਪਸ਼ੂ ਚਾਰਾ ਘੋਟਾਲੇ, ਜਿਸ 'ਚ ਬਿਹਾਰ ਦੇ ...ਲਾਲੂ ਪ੍ਰਸਾਦ ਯਾਦਵ ਸ਼ਾਮਿਲ ਹਨ, ਨੂੰ ...ਨਕਾਰੀ ਹਨ, ਉਨ੍ਹਾਂ ਨੂੰ ਵੱਖਰਾ ਮੋਰਚਾ ਬਣਾ ...ਚਾਹੀਦਾ ਹੈ।

...ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ...ਸਾ ਗਵਾ ਚੁੱਕੇ ਹਨ ਤੇ ਉਨ੍ਹਾਂ ਦੀ ਸਰਕਾਰ ...

ਹਨ।

ਸ੍ਰੀ ਅਡਵਾਨੀ ਨੇ ਕਿਹਾ ਕਿ ਕੇਂਦਰ ਸਰਕਾਰ ਅਤੇ ਬਿਹਾਰ ਸਰਕਾਰ ਦੋਵੇਂ ਹਾਸੋਹੀਣੀਆਂ ਇਕਾਈਆਂ ਬਣ ਚੁੱਕੀਆਂ ਹਨ। ਇਨ੍ਹਾਂ ਸਰਕਾਰਾਂ ਦੀ ਹਾਲਤ ਐਮਰਜੈਂਸੀ ਵਿਚ ਪਏ ਮਰੀਜ਼ ਵਾਲੀ ਹੈ ਅਤੇ ਸਾਂਝੇ ਮੋਰਚੇ ਵਿਚ ਸ਼ਾਮਿਲ ਪਾਰਟੀਆਂ ਵਿਚੋਂ ਬਹੁਤੀਆਂ ਆਪਣੀ ਰਾਜਸੀ ਹੋਂਦ ਬਰਕਰਾਰ ਰੱਖਣ ਲਈ ਲੜ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਹੁਣ ਜਦੋਂ ਕਿ ਮੌਜੂਦਾ ਕੇਂਦਰ ਸਰਕਾਰ ਸੱਤਾ 'ਚ ਰਹਿਣ ਦਾ ਨੈਤਿਕ ਅਧਿਕਾਰ ਗਵਾ ਚੁੱਕੀ ਹੈ, ਇਹ ਸਮਝ ਨਹੀਂ ਆ ਰਹੀ ਕਿ ਸ੍ਰੀ ਗੁਜਰਾਲ ਅਜੇ ਤੱਕ ਪ੍ਰਧਾਨ ਮੰਤਰੀ ਦੀ ਕੁਰਸੀ ਨਾਲ ਕਿਉਂ ਚਿਪਕੇ ਹੋਏ ਹਨ।

ਸ੍ਰੀ ਅਡਵਾਨੀ ਨੇ ਕਿਹਾ ਕਿ ਸ੍ਰੀ ਗੁਜਰਾਲ ਨੂੰ ਇਸ ਸਮੇਂ ਇਹ ਵੀ ਨਹੀਂ ਪਤਾ ਕਿ ਉਹ ਦੁਫਾੜ ਹੋਏ ਜਨਤਾ ਦਲ ਦੇ ਕਿਸ ਧੜੇ ਨਾਲ ਸਬੰਧ ਰੱਖਦੇ ਹਨ।

ਉਥੇ ਕੋਈ ਮਸਜਿਦ ਨਹੀਂ ਹੈ। ਸਮੱਸਿਆ ਤਾਂ ਉਥੇ ਨਵਾਂ ਮੰਦਰ ਬਣਾਉਣ ਦੀ ਹੈ ਜੋ ਤਾਂ ਹੀ ਸੰਭਵ ਹੈ ਜੇਕਰ ਕੇਂਦਰ ਅਤੇ ਰਾਜ ਸਰਕਾਰ ਇਸ ਕੰਮ ਲਈ ਦ੍ਰਿੜ੍ਹ ਹੋਵੇ। ਉਨ੍ਹਾਂ ਕਿਹਾ ਕਿ ਇਸ ਸਬੰਧੀ ਭਾਜਪਾ ਆਪਣੇ ਸਟੈਂਡ ਤੋਂ ਪਿੱਛੇ ਨਹੀਂ ਹਟੀ।

ਇਕ ਹੋਰ ਸਵਾਲ ਦੇ ਜਵਾਬ ਵਿਚ ਸ੍ਰੀ ਅਡਵਾਨੀ ਨੇ ਕਿਹਾ ਕਿ ਹਿਮਾਚਲ ਪ੍ਰਦੇਸ਼ ਵਿਚ ਭਾਜਪਾ ਦੀ ਸਥਿਤੀ ਸੁਧਰ ਰਹੀ ਹੈ। ਪਾਰਟੀ ਨੂੰ ਇਸ ਰਾਜ ਵਿਚ ਧੱਕਾ ਲੱਗਾ ਸੀ ਪਰ ਲੋਕਤੰਤਰ ਵਿਚ ਇਹ ਸਭ ਚਲਦਾ ਹੀ ਰਹਿੰਦਾ ਹੈ।

ਸ੍ਰੀ ਅਡਵਾਨੀ ਨੇ ਕਿਹਾ ਕਿ ਕੇਰਲਾ, ਉੜੀਸਾ ਅਤੇ ਪੱਛਮੀ ਬੰਗਾਲ ਵਿਚ ਉਨ੍ਹਾਂ ਦੀ ਰੱਥ ਯਾਤਰਾ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਰੱਥ ਯਾਤਰਾ ਦੀ ਸਫਲਤਾ ਤੋਂ ਮਾਰਕਸੀਆਂ ਨੂੰ ਬਹੁਤ ਹੈਰਾਨੀ ਹੋਈ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਰਥ ...

# ਅੱਤ...
# ਪਾਕਿ...

## ਗੁਕ...

ਬਠਿੰਡਾ, 9 ...
ਪ੍ਰਕਾਸ਼ ਸਿੰਘ ਬਾਦਲ ...
ਨੇ ਅੱਜ ਹੀ ਪ੍ਰਧਾਨ ...
ਨਾਲ ਟੈਲੀਫੋਨ ਰਾਹੀਂ ...
ਕੀਤੀ ਹੈ ਕਿ ਕੇਂਦਰ ...
ਅੱਤਵਾਦੀਆਂ ਦੇ ਪੰ...
ਰੋਕੇ ਅਤੇ ਪਾਕਿਸ...
ਹਿੱਸਿਆਂ ਵਿਚ ਅ...

**ਅਮਨ-ਕਾ...**
**ਉੱਚ-ਪੱਧ...**

ਹਿੰਸਾ ਫੈਲਾਉਣ ਦੀ...
ਉਥੋਂ ਦੀ ਸਰਕਾਰ ...
ਅੱਜ ਇਥੇ ...
ਨੂੰ ਸੰਬੋਧਨ ਕਰਦਿਆਂ...
ਕਿ ਪ੍ਰਧਾਨ ਮੰਤਰੀ ...
ਦਿਵਾਇਆ ਹੈ ਕਿ ...
ਕਦਮ ਚੁੱਕੇਗੀ ਅਤੇ...
ਪੈਦਾ ਹੋਣ ਤੋਂ ਰੋ...
ਸਹਾਇਤਾ ਕੀਤੀ ...
ਜੁਲਾਈ ਨੂੰ ਨਵੀਂ ...
ਕੁਮਾਰ ਗੁਜਰਾਲ ਨੂੰ...
ਵਿਚ ਹੋਏ ਬੰਬ ਧਮਾ...
ਵਿਚ ਸੁਰੱਖਿਆ ਪ੍ਰ...
ਨਾਲ ਵਿਚਾਰ ਕਰ...
ਪੰਜਾਬ ਨਾਲ ਸੰਬੰਧਿ...

# ਬਾਘਾ...

ਬਾਘਾ ਪੁਰਾਣਾ...
ਅੱਜ ਰਾਤ ਕੋਈ 8 ...
ਨੇ ਇਥੇ ਕਾਲੇਕੇ ...
ਦਾਖਲ ਹੋ ਕੇ ਫਾਇ...



ਅੰਮ੍ਰਿਤਸਰ ਦੇ ਚੌਕ ਜੈ ਸਿੰਘ ਵਿਖੇ ਇਕ ਮਕਾਨ 'ਚ ਬੰਬ ਬਣਾਉਂਦੇ ਸਮੇਂ ਹੋਏ ਧਮਾਕੇ 'ਚ ਜ਼ਖਮੀ ਹੋਇਆ ਨੌਜਵਾਨ ਸੁਖਰਾਜ ਸਿੰਘ ਹਸਪਤਾਲ ਵਿਚ ਇਲਾਜ ਦੌਰਾਨ ਤੇ ਹੇਠਾਂ ਬੰਬ ਬਣਾਉਣ ਲਈ ਵਰਤਿਆ ਗਿਆ ਸਾਜ਼ੋ-ਸਾਮਾਨ।

ਫੋਟੋ : ਨਿਰਮਲ ਸਟੂਡੀਓ

## ਬੰਬ ਬਣਾਉਂਦਾ ਫੱਟੜ (ਸਫਾ 1 ਦੀ ਬਾਕੀ)

ਦੇ ਸਹੁਰੇ ਪਰਿਵਾਰ ਨੂੰ ਡਰਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ, ਪੁਲਿਸ ਉਨ੍ਹਾਂ ਅਤੇ ਡੀ. ਆਈ. ਜੀ. ਨੇ ਮੌਕੇ 'ਤੇ ਜਾ ਕੇ ਵੇਖਿਆ ਸੀ ਕਿ ਘਟਨਾ ਵਾਲੀ ਥਾਂ ਦੇ ਨਿਰੀਖਣ ਤੋਂ ਬਾਰੂਦ, ਆਰ. ਡੀ. ਐਕਸ. ਜਾਂ ਕੋਈ ਹੋਰ ਧਮਾਕਾਖੇਜ਼ ਵਸਤੂ ਦੇ ਵਰਤੇ ਜਾਣ ਦਾ ਕੋਈ ਸੰਕੇਤ ਨਹੀਂ ਸੀ ਮਿਲਦਾ। ਉਨ੍ਹਾਂ ਦੱਸਿਆ ਕਿ ਥਾਣਾ ਸੀ-ਡਵੀਜ਼ਨ ਵਿਖੇ ਇਸ ਘਟਨਾ ਸਬੰਧੀ ਧਾਰਾ 4/5 ਵਿਸਫੋਟਕ ਐਕਟ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ।

ਦੂਸਰੇ ਪਾਸੇ ਸੁਖਰਾਜਬੀਰ ਸਿੰਘ ਬਾਰੇ ਇਕੱਤਰ ਕੀਤੀ ਗਈ ਜਾਣਕਾਰੀ ਮੁਤਾਬਿਕ ਉਹ ਸਕਾਊਟਸ ਵਿਚੋਂ ਸਾਲ 1986 ਦਾ ਕੌਮੀ ਪੁਰਸਕਾਰ ਜੇਤੂ ਹੈ ਅਤੇ ਕੈਲਾ ਤੇ ਰੰਗ-ਮੰਚ ਦੀਆਂ ਸਰਗਰਮੀਆਂ ਨਾਲ ਵੀ ਜੁੜਿਆ ਰਿਹਾ ਹੈ। ਸੁਖਰਾਜਬੀਰ ਨੂੰ ਪਹਿਲਾਂ ਵੀ ਪੁਲਿਸ ਨੇ ਉਕਤ ਝਗੜੇ ਦੇ ਸਬੰਧ ਵਿਚ ਹਿਰਾਸਤ ਵਿਚ ਲਿਆ ਸੀ ਪਰ ਮਾਮੂਲੀ ਪੁੱਛਗਿੱਛ ਉਪਰੰਤ ਛੱਡ ਦਿੱਤਾ ਗਿਆ ਸੀ।

ਸ੍ਰੀ ਨਰਾਇਣਨ ਦੇ ਰਾਸ਼ਟਰਪਤੀ ਚੁਣੇ ਜਾਣ ਦਾ ਸਭਨਾਂ ਨੇ ਸਵਾਗਤ ਕੀਤਾ ਹੈ ਤੇ ਉਨ੍ਹਾਂ ਨੂੰ ਵਧਾਈ ਦੇਣ ਲਈ ਉਨ੍ਹਾਂ ਦੇ 6 ਮੌਲਾਨਾ ਆਜ਼ਾਦ ਰੋਡ ਸਥਿਤ ਨਿਵਾਸ ਸਥਾਨ 'ਤੇ ਅੱਜ ਤਾਂਤਾ ਲੱਗਾ ਰਿਹਾ। ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਸ੍ਰੀ ਐਲ. ਕੇ. ਅਡਵਾਨੀ, ਸਾਬਕ ਪ੍ਰਧਾਨ ਮੰਤਰੀ ਸ੍ਰੀ ਨਰਸਿਮ੍ਹਾ ਰਾਓ, ਸਰਬ ਹਿੰਦ ਕਾਂਗਰਸ ਦੇ ਪ੍ਰਧਾਨ ਸ੍ਰੀ ਸੀਤਾ ਰਾਮ ਕੇਸਰੀ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਵਧਾਈ ਦੇਣ ਲਈ ਗਏ।

ਇਸ ਤਰ੍ਹਾਂ ਲੋਕ ਸਭਾ ਦੇ ਸਾਬਕ ਸਪੀਕਰ ਸ੍ਰੀ ਬਲਰਾਮ ਜਾਖੜ, ਹਰਿਆਣਾ ਦੇ ਰਾਜਪਾਲ ਸ੍ਰੀ ਮਹਾਂਬੀਰ ਪ੍ਰਸਾਦ, ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਬੰਸੀ ਲਾਲ, ਰਾਜ

ਲਈ ਸਾਰੇ ਭਾਰਤ ਵਾਸੀਆਂ ਦਾ ਧੰਨਵਾਦੀ ਹਾਂ। ਉਨ੍ਹਾਂ ਕਿਹਾ ਕਿ ਮੈਨੂੰ ਰਾਸ਼ਟਰਪਤੀ ਦੀ ਚੋਣ ਜਿੱਤ ਕੇ ਬਹੁਤ ਖੁਸ਼ੀ ਹੋਈ ਹੈ। ਉਨ੍ਹਾਂ ਯਕੀਨ ਦਿਵਾਇਆ ਕਿ ਉਹ ਲੋਕਾਂ ਦੀਆਂ ਆਸਾਂ 'ਤੇ ਪੂਰੇ ਉਤਰਨਗੇ। ਉਨ੍ਹਾਂ ਕਿਹਾ ਕਿ ਭਾਵੇਂ ਇਹ ਬਹੁਤ ਕਠਨ ਸਮਾਂ ਹੈ ਫਿਰ ਵੀ ਉਹ ਆਪਣੇ ਮਿੱਤਰਾਂ ਤੇ ਸਾਂਸਦਾਂ ਦੀ ਸਹਾਇਤਾ ਨਾਲ ਮੁਸ਼ਕਿਲਾਂ ਹੱਲ ਕਰਨ ਦਾ ਪੂਰਾ ਯਤਨ ਕਰਨਗੇ।

ਇਹ ਪੁੱਛੇ ਜਾਣ 'ਤੇ ਕਿ ਆਜ਼ਾਦੀ ਦੀ 50ਵੀਂ ਵਰ੍ਹੇਗੰਢ 'ਤੇ ਪਹਿਲੇ ਦਲਿਤ ਰਾਸ਼ਟਰਪਤੀ ਬਣ ਕੇ ਉਹ ਕਿਹੋ ਜਿਹਾ ਮਹਿਸੂਸ ਕਰਦੇ ਹਨ ਤਾਂ ਉਨ੍ਹਾਂ ਕਿਹਾ ਕਿ ਮੈਂ ਸਿਰਫ ਰਾਸ਼ਟਰਪਤੀ ਹਾਂ।

## ਸਾਂਝਾ ਮੋਰਚਾ ਮੀਟਿੰਗ (ਸਫਾ 1 ਦੀ ਬਾਕੀ

ਨਾਲ ਜਿਤਾਇਆ ਹੈ। ਉਨ੍ਹਾਂ ਆਖਿਆ ਹੈ ਸਾਂਝਾ ਮੋਰ ਨਵੇਂ ਰਾਸ਼ਟਰਪਤੀ ਨੂੰ ਹਰ ਤਰ੍ਹਾਂ ਦਾ ਸਹਿਯੋਗ ਦੇਵੇ ਤਾਂ ਜੋ ਉਹ ਆਪਣੇ ਫਰਜ਼ ਬੇਹਤਰ ਢੰਗ ਨਾਲ ਨਿਭਾ ਸਕਣ।

ਸ੍ਰੀ ਰੈਡੀ ਨੇ ਆਖਿਆ ਕਿ ਸਾਂਝੇ ਮੋਰਚੇ ਦੇ ਨੇਤਾ ਨੇ ਮੁੰਬਈ ਵਿਚ ਹੋਈ ਤਾਜ਼ਾ ਫਾਇਰਿੰਗ ਉਪਰ ਚਿੰ ਪ੍ਰਗਟ ਕੀਤੀ ਹੈ ਜੋ ਕਿ ਬਾਬਾ ਸਾਹਿਬ ਡਾ: ਅੰਬੇਡਕਰ ਬੁੱਤ ਦੀ ਬੇਅਦਬੀ ਪਿੱਛੋਂ ਗੜਬੜ ਦੌਰਾਨ ਹੋਈ ਸੀ ਅ ਜਿਸ ਵਿਚ 10 ਵਿਅਕਤੀ ਮਾਰੇ ਗਏ ਸਨ। ਸ੍ਰੀ ਜੇਪ ਰੈਡੀ ਨੇ ਆਖਿਆ ਕਿ ਸਾਂਝੇ ਮੋਰਚੇ ਨੇ ਦੁਖੀ ਪਰਿਵਾ ਨਾਲ ਹਮਦਰਦੀ ਪ੍ਰਗਟ ਕੀਤੀ ਹੈ।

ਉਨ੍ਹਾਂ ਦੱਸਿਆ ਕਿ ਸਾਂਝੇ ਮੋਰਚੇ ਦੇ ਨੇਤਾਵਾਂ ਨੇ ਮ ਪ੍ਰਦੇਸ਼ ਵਿਚ ਜੱਬਲਪੁਰ ਵਿਚ ਤਾਜ਼ਾ ਭੂਚਾਲ ਵਿਚ ਮਰ ਵਾਲਿਆਂ ਦੇ ਪਰਿਵਾਰਾਂ ਨਾਲ ਵੀ ਹਮਦਰਦੀ ਪ੍ਰਗ ਕੀਤੀ ਹੈ।

ਮੀਟਿੰਗ ਦੇ ਆਰੰਭ ਹੋਣ ਤੋਂ ਪਹਿਲਾਂ ਹੀ ਸਾਂ ਮੋਰਚੇ ਦੇ ਨੇਤਾਵਾਂ ਨੇ ਇਹ ਗੱਲ ਮੰਨੀ ਸੀ ਕਿ ਮੀਟਿੰ ਵਿਚ ਕਾਫੀ ਗਰਮਾ-ਗਰਮੀ ਹੋਵੇਗੀ ਕਿਉਂਕਿ ਮੋਰ ਵਿਚ ਸ਼ਾਮਿਲ ਦੂਜੀਆਂ ਪਾਰਟੀਆਂ ਦੇ ਨਾਲ ਖੱਬੀਅ ਪਾਰਟੀਆਂ ਨੇ ਵੀ ਸ੍ਰੀ ਲਾਲੂ ਪ੍ਰਸਾਦ ਯਾਦਵ ਪ੍ਰਤੀ ਸਖ਼ ਰਵੱਈਆ ਅਪਣਾ ਲਿਆ ਸੀ ਅਤੇ ਸਾਂਝੇ ਮੋਰਚੇ ਵਿ ਰਾਸ਼ਟਰੀ ਜਨਤਾ ਦਲ ਨੂੰ ਸ਼ਾਮਿਲ ਕਰਨ ਲਈ ਪਹਿਲ ਸ਼ਰਤ ਇਹ ਰੱਖੀ ਗਈ ਸੀ ਕਿ ਮੁੱਖ ਮੰਤਰੀ ਸ੍ਰੀ ਲਾਲੂ ਪ੍ਰਸਾਦ ਯਾਦਵ ਆਪਣੇ ਅਹੁਦੇ ਤੋਂ ਤੁਰੰਤ ਅਸਤੀਫ ਦੇਣ।

ਖੱਬੀਆਂ ਪਾਰਟੀਆਂ ਅਤੇ ਜਨਤਾ ਦਲ ਦੇ ਮੁੱਖ ਵਰਗਾਂ ਨੇ ਇਹ ਗੱਲ ਸਪੱਸ਼ਟ ਕਰ ਦਿੱਤੀ ਸੀ ਕਿ ਭ੍ਰਿਸ਼ਟਾਚਾਰ ਦੇ ਪ੍ਰਸ਼ਨ ਉੱਪਰ ਮੋਰਚਾ ਆਪਣਾ ਪੱਖ ਨਰਮ ਨਹੀਂ ਕਰੇਗਾ ਕਿਉਂਕਿ ਸਾਂਝੇ ਮੋਰਚੇ ਦੀ ਸਥਾਪਨਾ ਹੀ ਇਹ ਪ੍ਰਣ ਲੈ ਕੇ ਕੀਤੀ ਗਈ ਸੀ ਕਿ ਮੋਰਚਾ ਭ੍ਰਿਸ਼ਟਾਚਾਰ ਵਿਰੁੱਧ ਸਖਤ ਲੜਾਈ ਲੜੇਗਾ।

ਸਾਂਝੇ ਮੋਰਚੇ ਦੇ ਕਨਵੀਨਰ ਅਤੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਐਨ. ਕਰੁਨਾਨਿਧੀ ਨੇ ਅੱਜ ਸਾਂਝੇ ਮੋਰਚੇ ਦਾ ਸੰਕਟ ਹੱਲ ਕਰਨ ਲਈ ਦਿਨ ਭਰ ਯਤਨ ਜਾਰੀ ਰੱਖੇ ਸਨ। ਉਨ੍ਹਾਂ ਨੇ ਰਾਸ਼ਟਰੀ ਜਨਤਾ ਦਲ (ਆਰ. ਜੇ. ਡੀ.) ਦੇ ਸਾਂਝੇ ਮੋਰਚੇ ਵਿਚ ਦਾਖਲੇ ਦੇ ਪ੍ਰਸ਼ਨ ਉੱਪਰ ਵੀ ਆਮ ਸਹਿਮਤੀ ਕਾਇਮ ਕਰਨ ਦਾ ਯਤਨ ਕੀਤਾ ਸੀ। ਡੀ. ਐਮ. ਕੇ. ਦੀ ਗੁਜਰਾਲ ਸਰਕਾਰ ਵਿਚੋਂ ਬਾਹਰ ਆ ਜਾਣ ਦੀ ਧਮਕੀ ਨੂੰ ਵੀ ਸ੍ਰੀ ਚੰਦਰ ਬਾਬੂ ਨਾਇਡੂ ਨੇ ਮੋਰਚੇ ਦੇ ਨੇਤਾਵਾਂ ਨਾਲ ਵਿਚਾਰ ਕੀਤਾ।

ਅੱਜ ਸਵੇਰੇ ਸ੍ਰੀ ਨਾਇਡੂ ਨੇ ਸੀ. ਪੀ. ਆਈ. (ਐਮ) ਦੇ ਜਨਰਲ ਸਕੱਤਰ ਕਾਮਰੇਡ ਹਰਕਿਸ਼ਨ ਸਿਘ ਸੁਰਜੀਤ ਨਾਲ ਵੀ ਮੁਲਾਕਾਤ ਕੀਤੀ। ਇਹ ਮੁਲਾਕਾਤ ਕੇਂਦਰੀ ਕਮੇਟੀ ਦੀ ਮੀਟਿੰਗ ਤੋਂ ਕੁਝ ਘੰਟੇ ਪਹਿਲਾਂ ਹੋਈ। ਇਸ ਮਿਲਣੀ ਵਿਚ ਸ਼ਾਮ ਨੂੰ ਉਠਾਏ ਜਾਣ ਵਾਲੇ ਪ੍ਰਸ਼ਨਾਂ 'ਤੇ ਵਿਚਾਰ ਕੀਤਾ ਗਿਆ।

ਸ੍ਰੀ ਚੰਦਰ ਬਾਬੂ ਨਾਇਡੂ ਨੇ ਪ੍ਰਧਾਨ ਮੰਤਰੀ ਸ੍ਰੀ

Punjabi Sanatani

# ਅੰਮ੍ਰਿਤਸਰ 'ਚ ਇਕ ਨੌਜਵਾਨ ਦੇਸੀ ਬੰਬ ਤਿਆਰ ਕਰਦਿਆਂ ਧਮਾਕੇ 'ਚ ਫੱਟੜ

ਅੰਮ੍ਰਿਤਸਰ, 17 ਜੁਲਾਈ (ਵਿਸ਼ੇਸ਼ ਪ੍ਰਤੀਨਿਧ)- ਬੀਤੀ ਸ਼ਾਮ ਸਥਾਨਿਕ ਗਿਲਵਾਲੀ ਗੇਟ ਨੇੜੇ ਸਥਿਤ ਆਬਾਦੀ, ਚੌਕ ਜੈ ਸਿੰਘ ਵਾਲਾ ਵਿਖੇ ਸੁਖਰਾਜਬੀਰ ਸਿੰਘ ਨਾਮਕ ਇਕ ਨੌਜਵਾਨ ਦੇ ਇਕ ਦੇਸੀ ਬੰਬ ਤਿਆਰ ਕਰਦੇ ਸਮੇਂ ਹੋਏ ਧਮਾਕੇ ਵਿਚ ਫੱਟੜ ਹੋਣ ਦੀ ਸੂਚਨਾ ਮਿਲੀ ਹੈ। ਪੁਲਿਸ ਨੇ ਉਕਤ ਨੌਜਵਾਨ ਨੂੰ ਅੱਜ ਸਵੇਰੇ ਗ੍ਰਿਫਤਾਰ ਕਰ ਲਿਆ ਹੈ, ਪ੍ਰੰਤੂ ਐਸ. ਐਸ. ਪੀ. ਨੇ ਘਟਨਾ ਦਾ ਖਾੜਕੂ ਕਾਰਵਾਈਆਂ ਨਾਲ ਕਿਸੇ ਕਿਸਮ ਦਾ ਵੀ ਸੰਬੰਧ ਹੋਣ ਤੋਂ ਇਨਕਾਰ ਕੀਤਾ ਹੈ।

ਐਸ.ਐਸ.ਪੀ. ਅੰਮ੍ਰਿਤਸਰ ਸ: ਪਰਮਜੀਤ ਸਿੰਘ ਗਿੱਲ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਿਸ ਥਾਣਾ ਸੀ-ਡਵੀਜ਼ਨ ਦੇ ਐਸ. ਐਚ. ਓ. ਨੂੰ ਬੀਤੀ ਸ਼ਾਮ 6.30 ਵਜੇ ਦੇ ਕਰੀਬ ਇਤਲਾਹ ਮਿਲੀ ਸੀ ਕਿ ਚੌਕ ਜੈ ਸਿੰਘ ਵਾਲਾ ਵਿਖੇ ਕਿਸੇ ਘਰ ਵਿਚ ਕੋਈ ਬੰਬ ਵਰਗੀ ਵਸਤੂ ਦਾ ਜ਼ੋਰਦਾਰ ਧਮਾਕਾ ਹੋਇਆ ਹੈ। ਪੁਲਿਸ ਨੇ ਤੁਰੰਤ ਹਰਕਤ ਵਿਚ ਆਉਂਦਿਆਂ ਸੰਬੰਧਿਤ ਘਰ ਨੂੰ ਘੇਰਾ ਪਾ ਕੇ ਤਲਾਸ਼ੀ ਲਈ ਜਿਸ ਦੌਰਾਨ ਘਰ ਦੇ ਵਿਹੜੇ ਵਿਚੋਂ ਲੋਹੇ ਦੇ ਕੁਝ ਕਿੱਲ, ਪੋਟਾਸ਼ ਦਾ ਸੜਿਆ ਰਸਾਇਣ, .32 ਬੋਰ ਦਾ ਇਕ ਅਤੇ .12 ਬੋਰ ਦੇ 5 ਖਾਲੀ ਕਾਰਤੂਸ, ਇਕ ਸਟਾਪ-ਵਾਚ ਅਤੇ ਕੁਝ ਹੋਰ ਸੰਦ ਵਗੈਰਾ ਬਰਾਮਦ ਕੀਤੇ ਗਏ ਪ੍ਰੰਤੂ ਸੁਖਰਾਜਬੀਰ ਕਿਧਰੇ ਖਿਸਕਣ 'ਚ ਕਾਮਯਾਬ ਹੋ ਗਿਆ।

ਐਸ.ਐਸ.ਪੀ. ਸ: ਗਿੱਲ ਨੇ ਦੱਸਿਆ ਕਿ ਧਮਾਕੇ ਕਾਰਨ ਉਕਤ ਨੌਜਵਾਨ ਦੇ ਚਿਹਰੇ ਅਤੇ ਖਾਸ ਕਰਕੇ ਅੱਖਾਂ 'ਤੇ ਕਾਫੀ ਚੋਟਾਂ ਆਈਆਂ, ਜਿਸ ਕਰਕੇ ਉਹ ਰਾਤ ਹੀ ਗੁਰੂ ਨਾਨਕ ਦੇਵ ਹਸਪਤਾਲ ਵਿਚ ਜਾ ਦਾਖਲ ਹੋਇਆ, ਜਿਥੋਂ ਸੂਚਨਾ ਮਿਲਣ 'ਤੇ ਪੁਲਿਸ ਨੇ ਉਸ ਨੂੰ ਕਾਬੂ ਕਰ ਲਿਆ। ਸ: ਗਿੱਲ ਨੇ ਦੱਸਿਆ ਕਿ ਮੁਢਲੀ ਤਫਤੀਸ਼ ਤੋਂ ਪਤਾ ਲੱਗਾ ਹੈ ਕਿ ਸੁਖਰਾਜ ਦੀ ਇਕ ਵਿਧਵਾ ਭੂਆ ਦਾ ਜਾਇਦਾਦ ਸਬੰਧੀ ਆਪਣੇ ਸਹੁਰਿਆਂ ਨਾਲ ਕਾਫੀ ਸਮੇਂ ਤੋਂ ਝਗੜਾ ਚਲਦਾ ਆ ਰਿਹਾ ਸੀ ਅਤੇ ਇਸ ਦੌਰਾਨ ਸਹੁਰੇ ਪਰਿਵਾਰ ਵੱਲੋਂ ਰੂਪਨਗਰ ਸਥਿਤ ਇਕ ਕੋਠੀ 'ਤੇ ਕਬਜ਼ਾ ਕਰਨ ਦੇ ਵੀ ਯਤਨ ਕੀਤੇ ਜਾਂਦੇ ਰਹੇ ਸਨ, ਜਿਸ 'ਤੇ ਅਜੇ ਸੁਖਰਾਜ ਦੀ ਭੂਆ ਦਾ ਕਬਜ਼ਾ ਹੈ ਅਤੇ ਝਗੜੇ ਕਾਰਨ ਇਕ ਧਿਰ ਨੇ ਹਥਿਆਰ ਰੱਖਣ ਲਈ ਲਾਇਸੈਂਸ ਲੈਣ ਵਾਸਤੇ ਵੀ ਬਿਨੈ-ਪੱਤਰ ਦਿੱਤਾ ਸੀ। ਸ: ਗਿੱਲ ਨੇ ਦੱਸਿਆ ਕਿ ਕਥਿਤ ਦੋਸ਼ੀ ਨੇ ਮੰਨਿਆ ਕਿ ਆਪਣੀ ਭੂਆ 'ਤੇ ਉਸ ਦੇ ਸਹੁਰੇ ਪਰਿਵਾਰ ਵੱਲੋਂ ਕੀਤੇ ਜਾਣ ਵਾਲੇ ਕਿਸੇ ਸੰਭਾਵੀ ਹਮਲੇ ਤੋਂ ਰੱਖਿਆ ਕਰਨ ਲਈ ਉਹ ਆਤਿਸ਼ਬਾਜ਼ੀ ਦੇ ਕੁਝ ਪਟਾਕਿਆਂ ਵਿਚੋਂ ਪੋਟਾਸ਼ ਕੱਢ ਕੇ ਅਜਿਹਾ ਛੋਟਾ ਪਟਾਕਾ ਤਿਆਰ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਜਿਸ ਦੇ ਧਮਾਕੇ ਨਾਲ ਭੂਆ

(ਬਾਕੀ ਸਫਾ 11 ਕਾਲਮ 4)

## ਮਿਲਾਦ-ਉਲ-ਨਬੀ ਮੌਕੇ ਰਾਸ਼ਟਰਪਤੀ ਵੱਲੋਂ ਵਧਾਈ

ਨਵੀਂ ਦਿੱਲੀ, 17 ਜੁਲਾਈ (ਯੂ.ਐਨ.ਆਈ.)- ਰਾਸ਼ਟਰਪਤੀ ਡਾ: ਸ਼ੰਕਰ ਦਿਆਲ ਸ਼ਰਮਾ ਨੇ ਦੇਸ਼ ਵਾਸੀਆਂ ਨੂੰ ਮਿਲਾਦ-ਉਲ-ਨਬੀ (ਹਜ਼ਰਤ ਮੁਹੰਮਦ ਦਾ ਜਨਮ ਦਿਨ) ਦੇ ਤਿਉਹਾਰ 'ਤੇ ਵਧਾਈ ਦਿੱਤੀ ਹੈ।

ਉਨ੍ਹਾਂ ਆਪਣੇ ਸੰਦੇਸ਼ ਵਿਚ ਕਿਹਾ ਕਿ ਸਾਨੂੰ ਹਜ਼ਰਤ ਮੁਹੰਮਦ ਦੇ ਕੌਮਾਂਤਰੀ ਭਾਈਚਾਰੇ, ਮਨੁੱਖਤਾ ਦੀ ਸੇਵਾ ਦੇ ਸੰਦੇਸ਼ ਤੋਂ ਪ੍ਰੇਰਣਾ ਲੈ ਕੇ ਏਕਤਾ, ਸਾਂਝੀਵਾਲਤਾ ਅਤੇ ਭਾਈਚਾਰੇ ਨਾਲ ਰਹਿਣਾ ਚਾਹੀਦਾ ਹੈ।

Punjabi Sanatani

# ਵਧਾਵਾ ਸਿੰਘ (ਸਫਾ 1 ਦੀ ਬਾਕੀ)

ਸਿੰਘ ਨਾਲ ਮਿਲ ਕੇ ਬੇਅੰਤ ਸਿੰਘ ਨੂੰ ਕਤਲ ਕਰਨ ਦੀ ਸਾਜ਼ਿਸ਼ ਰਚੀ।

ਸ੍ਰੀ ਗੁਰਬਚਨ ਜਗਤ ਨੇ ਪ੍ਰੈੱਸ ਕਾਨਫਰੰਸ ਵਿਚ ਬੋਲਦੇ ਕੇ ਹੋਏ ਆਖਿਆ ਕਿ ਪਾਕਿਸਤਾਨ ਦੀ ਗੁਪਤਚਰ ਏਜੰਸੀ ਆਈ.ਐਸ.ਆਈ. ਪੰਜਾਬ ਅਤੇ ਜੰਮੂ-ਕਸ਼ਮੀਰ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਵਿਚ ਹੈ। ਆਪਣੇ ਇਸ ਮਕਸਦ ਦੀ ਪ੍ਰਾਪਤੀ ਲਈ ਆਈ.ਐਸ.ਆਈ. ਸਿੱਖ ਖਾੜਕੂਆਂ ਅਤੇ ਜੰਮੂ-ਕਸ਼ਮੀਰ ਦੇ ਖਾੜਕੂਆਂ ਦੀ ਸਹਾਇਤਾ ਲੈ ਰਹੀ ਹੈ।

ਇਸ ਯੋਜਨਾ ਬਾਰੇ ਉਸ ਸਮੇਂ ਪਤਾ ਚਲਿਆ ਜਦ ਪਰਮਜੀਤ ਸਿੰਘ ਭਿਓਰਾ ਤੋਂ ਪੁਲਿਸ ਵੱਲੋਂ ਪੁਛਗਿੱਛ ਕੀਤੀ ਗਈ। ਸ੍ਰੀ ਗੁਰਬਚਨ ਜਗਤ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪਰਮਜੀਤ ਸਿੰਘ ਭਿਓਰਾ ਬੇਅੰਤ ਸਿੰਘ ਕਤਲ ਕਾਂਡ ਵਿਚ ਮੁੱਖ ਦੋਸ਼ੀ ਹੈ। ਯਾਦ ਰਹੇ ਕਿ ਸ: ਬੇਅੰਤ ਸਿੰਘ ਦਾ ਕਤਲ 1995 ਵਿਚ ਪੰਜਾਬ ਸੈਕਰੇਟਰੀਏਟ ਵਿਚ ਕੀਤਾ ਗਿਆ ਸੀ।

ਪਰਮਜੀਤ ਸਿੰਘ ਨੇ ਇਹ ਵੀ ਦੱਸਿਆ ਕਿ ਆਈ. ਐਸ. ਆਈ. ਸੋਚਦੀ ਹੈ ਕਿ ਜੇਕਰ ਜੰਮੂ ਤੇ ਕਸ਼ਮੀਰ ਅਤੇ ਪੰਜਾਬ ਵਿਚ ਚੁਣੀਆਂ ਹੋਈਆਂ ਸਰਕਾਰਾਂ ਸਫਲ ਹੋ ਜਾਂਦੀਆਂ ਹਨ ਤਾਂ ਆਈ. ਐਸ. ਆਈ. ਦੀ ਸਾਰੀ ਦੀ ਸਾਰੀ ਯੋਜਨਾ ਧਰੀ ਧਰਾਈ ਰਹਿ ਜਾਵੇਗੀ।

ਜੰਮੂ ਕਸ਼ਮੀਰ ਦੇ ਪੁਲਿਸ ਮੁਖੀ ਨੇ ਦੱਸਿਆ ਕਿ ਆਈ. ਐਸ. ਆਈ. ਵਧਾਵਾ ਸਿੰਘ (ਬੱਬਰ ਖਾਲਸਾ) ਪਰ ਸ: ਜੀਤ ਸਿੰਘ ਪੰਜਵੜ (ਖਾਲਿਸਤਾਨ ਕਮਾਂਡੋ ਫੋਰਸ), ਲਖਵੀਰ ਸਿੰਘ ਰੋਡੇ (ਇੰਟਰਨੈਸ਼ਨਲ ਯੂਥ ਫੈਡਰੇਸ਼ਨ ਰੋਡੇ) ਅਤੇ ਰਜਿੰਦਰ ਸਿੰਘ (ਦਲ ਖਾਲਸਾ ਇੰਟਰ ਨੈਸ਼ਨਲ) ਅਜਿਹੇ ਖਾੜਕੂ ਨੇਤਾਵਾਂ ਉਪਰ ਦਬਾਅ ਪਾ ਰਹੀ ਹੈ ਕਿ ਉਹ ਪੰਜਾਬ ਵਿਚ ਗੜਬੜ ਕਰਾਉਣ।

ਸ੍ਰੀ ਗੁਰਬਚਨ ਜਗਤ ਨੇ ਇਹ ਵੀ ਦੱਸਿਆ ਕਿ ਪਾਕਿਸਤਾਨ ਦੀ ਆਈ. ਐਸ. ਆਈ. ਜੰਮੂ ਅਤੇ ਕਸ਼ਮੀਰ ਦੇ ਮੁੱਖ ਮੰਤਰੀ ਅਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਕਤਲ ਕਰਾਉਣਾ ਚਾਹੁੰਦੀ ਹੈ ਅਤੇ ਇਸ ਲਈ ਦੋਹਾਂ ਰਾਜਾਂ ਵਿਚ ਖਾੜਕੂਵਾਦ ਨੂੰ ਜ਼ਿੰਦਾ ਰੱਖਣਾ ਚਾਹੁੰਦੀ ਹੈ।

Punjabi Sahalam

# ਪੰਜਾਬ ਪੁਲਿਸ 200 ਤੋਂ ਵੱਧ ਭਗੌੜੇ ਖਾੜਕੂਆਂ 'ਤੇ ਆਈ. ਐਸ. ਆਈ. ਦੀਆਂ ਸਰਗਰਮੀਆਂ ਤੋਂ ਚਿੰਤਤ

ਅੰਮ੍ਰਿਤਸਰ, 5 ਅਗਸਤ (ਅ.ਬ.)-ਪੰਜਾਬ ਪੁਲਿਸ ਨੇ ਉਨ੍ਹਾਂ 200 ਖਾੜਕੂਆਂ ਦਾ ਨਿੱਜੀ ਰਿਕਾਰਡ ਬਣਾਉਣ ਦਾ ਫੈਸਲਾ ਕੀਤਾ ਹੈ ਜਿਹੜੇ ਅਜੇ ਤੱਕ ਭਗੌੜੇ ਹਨ।

ਸੀਨੀਅਰ ਪੁਲਿਸ ਅਧਿਕਾਰੀਆਂ ਦਾ ਇਹ ਵਿਸ਼ਵਾਸ ਹੈ ਕਿ ਇਹ ਉਹ ਖਾੜਕੂ ਹਨ ਜਿਨ੍ਹਾਂ ਨੂੰ ਰਾਜ ਵਿਚ ਮੁੜ ਤੋਂ ਹਿੰਸਕ ਕਾਰਵਾਈਆਂ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਤਾਜ਼ਾ ਬੰਬ ਘਟਨਾਵਾਂ ਨੂੰ ਵੀ ਇਸ ਸੰਦਰਭ ਵਿਚ ਰੱਖਿਆ ਹੈ।

ਪੁਲਿਸ ਸੂਤਰਾਂ ਮੁਤਾਬਿਕ ਪਾਕਿਸਤਾਨ ਸਥਿਤ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਮੁਖੀ ਭਾਈ ਲਖਬੀਰ ਸਿੰਘ ਰੋਡੇ ਜਿਹੜਾ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦਾ ਭਤੀਜਾ ਹੈ, ਖਾਲਿਸਤਾਨੀ ਹਮਦਰਦ ਜਿਹੜੇ ਕਿ ਨੀਵੇਂ ਪੱਧਰ 'ਤੇ ਰਹਿ ਰਹੇ ਹਨ ਦੀ ਸੂਚੀ ਬਣਾ ਰਿਹਾ ਹੈ।

ਸਮਝਿਆ ਜਾਂਦਾ ਹੈ ਕਿ ਖਾੜਕੂ ਨੇਤਾ ਪਰਮਜੀਤ ਸਿੰਘ ਪੰਜਵੜ, ਵੱਸਣ ਸਿੰਘ ਜ਼ਫਰਵਾਲ ਅਤੇ ਵਧਾਵਾ ਸਿੰਘ ਬੱਬਰ ਆਈ. ਐਸ. ਆਈ. ਦੀਆਂ ਉਮੀਦਾਂ 'ਤੇ ਪੂਰੇ ਨਾ ਉਤਰਨ ਤੋਂ ਬਾਅਦ ਰੋਡੇ ਆਈ. ਐਸ. ਆਈ. ਦੇ ਕਾਫੀ ਨੇੜੇ ਆ ਗਿਆ ਹੈ। ਬਠਿੰਡਾ ਅਤੇ ਮੋਗਾ ਜ਼ਿਲ੍ਹਿਆਂ 'ਚ ਵਾਰਦਾਤਾਂ ਲਈ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਨੇ ਹੀ ਆਈ. ਐਸ. ਆਈ. ਤੋਂ ਵਿਸ਼ਵਾਸਯੋਗਤਾ ਹਾਸਲ ਕੀਤੀ ਹੈ। ਇਸ ਤੋਂ ਬਿਨਾਂ ਤਰਨ ਤਾਰਨ ਜ਼ਿਲ੍ਹੇ ਵਿਚ ਕਥਿਤ ਮਨੁੱਖੀ ਬੰਬ ਦੀ ਗ੍ਰਿਫਤਾਰੀ ਅਤੇ ਵੱਡੀ ਪੱਧਰ 'ਤੇ ਗੋਲੀ ਸਿੱਕਾ ਵੀ ਇਸੇ ਜਥੇਬੰਦੀ ਦਾ ਫੜਿਆ ਗਿਆ ਸੀ।

90ਵਿਆਂ ਦੇ ਸ਼ੁਰੂ ਵਿਚ 1800 ਖਾੜਕੂ ਜਿਨ੍ਹਾਂ ਨੇ ਆਤਮ-ਸਮਰਪਣ ਕੀਤਾ ਸੀ 'ਤੇ ਵੀ ਪੁਲਿਸ ਨਜ਼ਰ ਰੱਖ ਰਹੀ ਹੈ। ਅਧਿਕਾਰੀਆਂ ਦਾ ਇਹ ਮੰਨਣਾ ਹੈ ਕਿ ਪਿਛਲੇ ਕੁਝ ਸਮੇਂ ਤੋਂ ਪੁਲਿਸ ਨੂੰ ਇਨ੍ਹਾਂ ਖਾੜਕੂਆਂ ਬਾਰੇ ਕੋਈ ਜਾਣਕਾਰੀ ਨਹੀਂ ਹੈ। ਅਮਨ ਅਤੇ ਕਾਨੂੰਨ ਦੀ ਹਾਲਤ ਸੁਧਰ ਜਾਣ ਕਾਰਨ ਕਈ ਖਾੜਕੂ ਢਾਬੇ ਅਤੇ ਟਰੱਕਾਂ ਦੇ ਕੰਮ ਵਿਚ ਰੁਝ ਗਏ ਹਨ। ਇਨ੍ਹਾਂ 'ਚੋਂ ਕਈ ਜਾਅਲੀ ਪਾਸਪੋਰਟ ਬਣਾ ਕੇ ਵਿਦੇਸ਼ਾਂ ਨੂੰ ਖਿਸਕ ਗਏ।

ਪੁਲਿਸ ਮੁਖੀ ਸ੍ਰੀ ਡੋਗਰਾ ਨੇ ਦੱਸਿਆ ਕਿ ਅਸੀਂ ਉਨ੍ਹਾਂ ਲੋਕਾਂ ਦਾ ਪਤਾ ਲਗਾ ਰਹੇ ਹਾਂ ਜੋ ਜਲੰਧਰ ਦੇ ਖੇਤਰੀ

(ਬਾਕੀ ਸਫਾ 10 ਕਾਲਮ 4)

Punjabi Sanatani

ਵਟਾਇਆ ਜਾਵੇ।

## ਸਖਤ ਪ੍ਰਬੰਧ (ਸਫਾ 3 ਦੀ ਬਾਕੀ)

ਖਾੜਕੂ ਜਥੇਬੰਦੀਆਂ ਦਾ ਕਹਿਣਾ ਹੈ ਕਿ ਉਹ ਲੋਕ ਜਿਹੜੇ ਇਸ ਰਾਜ ਵਿਚ 1949 ਪਿੱਛੋਂ ਦਾਖਲ ਹੋਏ ਹਨ ਉਹ ਵਿਦੇਸ਼ੀ ਹਨ। ਪਿਛਲੇ ਸਾਲ ਵੀ ਸਾਰੇ ਰਾਜ ਵਿਚ ਬੰਦ ਨੂੰ ਨਾਕਾਮਯਾਬ ਕਰਨ ਵਿਚ ਭਾਰੀ ਕਾਰਵਾਈ ਕੀਤੀ ਗਈ ਸੀ।

ਸੱਤਾਧਾਰੀ ਕਮਿਊਨਿਸਟ ਪਾਰਟੀ ਨੇ ਇਸ ਸਾਲ 19 ਅਗਸਤ ਨੂੰ ਖਾੜਕੂਆਂ ਵੱਲੋਂ ਸੱਦੇ ਗਏ ਬੰਦ ਦੀ ਵਿਰੋਧਤਾ ਕਰਨ ਲਈ ਰੋਸ ਵਜੋਂ ਰੈਲੀਆਂ ਕਰਨ ਦਾ ਫੈਸਲਾ ਕੀਤਾ ਹੈ। ਪਾਰਟੀ ਦੇ ਇਕ ਬਿਆਨ ਵਿਚ ਆਖਿਆ ਗਿਆ ਕਿ ਅਮਨ ਨੂੰ ਖਰਾਬ ਕਰਨ ਦੀ ਕਿਸੇ ਵੀ ਕਾਰਵਾਈ ਦਾ ਲੋਕਾਂ ਨੂੰ ਸਖਤੀ ਨਾਲ ਮੁਕਾਬਲਾ ਕਰਨਾ ਚਾਹੀਦਾ ਹੈ।

Punjabi Sanatan

## ਭਗੌੜੇ ਖਾੜਕੂ (ਸਫਾ 3 ਦੀ ਬਾਕੀ)

ਪਾਸਪੋਰਟ ਦਫਤਰ ਦੀ ਸਹਾਇਤਾ ਨਾਲ ਜਾਅਲੀ ਪਾਸਪੋਰਟ ਬਣਾ ਕੇ ਵਿਦੇਸ਼ਾਂ ਨੂੰ ਖਿਸਕ ਗਏ ਹਨ। ਉਨ੍ਹਾਂ ਕਿਹਾ ਕਿ ਅਸੀਂ ਇਹ ਪਤਾ ਲਗਾ ਰਹੇ ਹਾਂ ਕਿ ਕੌਣ ਕਿੱਥੇ ਹੈ ਅਤੇ ਕੀ ਕਰ ਰਿਹਾ ਹੈ।

ਸੀਨੀਅਰ ਅਧਿਕਾਰੀਆਂ ਦਾ ਮੰਨਣਾ ਹੈ ਕਿ ਆਈ.ਐਸ.ਆਈ. ਦੇ ਏਜੰਟ ਯੂਰਪੀਨ ਦੇਸ਼ਾਂ ਖਾਸ ਕਰ ਜਰਮਨੀ ਅਤੇ ਫਰਾਂਸ 'ਚ ਜਾਅਲੀ ਪਾਸਪੋਰਟਾਂ 'ਤੇ ਗਏ ਖਾੜਕੂਆਂ ਨਾਲ ਰਾਬਤਾ ਬਣਾ ਰਹੇ ਹਨ। ਪੁਲਿਸ ਅਧਿਕਾਰੀਆਂ ਨੇ ਸ਼੍ਰੋਮਣੀ ਕਮੇਟੀ ਦੇ ਦੋ ਮੁਲਾਜ਼ਮਾਂ ਵੱਲੋਂ ਖਾੜਕੂਆਂ ਨਾਲ ਤਾਲਮੇਲ ਕਰਨ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਸਟਾਫ ਦੀ ਛਾਣ-ਬੀਣ ਦੀ ਕੋਈ ਲੋੜ ਨਹੀਂ ਹੈ।

# ਵਧਾਵਾ ਸਿੰਘ ਨੇ ਆਈ. ਐਸ. ਆਈ. ਨਾਲ ਮਿਲ ਕੇ ਬੇਅੰਤ ਸਿੰਘ ਦੇ ਕਤਲ ਦੀ ਸਾਜ਼ਿਸ਼ ਬਣਾਈ

ਜੰਮੂ, 16 ਅਗਸਤ (ਏਜੰਸੀਆਂ) ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਬੇਅੰਤ ਸਿੰਘ ਨੂੰ ਕਤਲ ਕਰਨ ਦੀ ਸਾਜ਼ਿਸ਼ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁਖੀ ਭਾਈ ਵਧਾਵਾ ਸਿੰਘ ਵੱਲੋਂ ਪਾਕਿਸਤਾਨ ਦੀ ਆਈ. ਐਸ. ਆਈ. ਨਾਲ ਰਲ ਕੇ ਤਿਆਰ ਕੀਤੀ ਸੀ। ਇਹ ਸਨਸਨੀਖੇਜ਼ ਜਾਣਕਾਰੀ ਜੰਮੂ-ਕਸ਼ਮੀਰ ਪੁਲਿਸ ਦੇ ਡਾਇਰੈਕਟਰ ਜਨਰਲ ਸ੍ਰੀ ਗੁਰਬਚਨ ਜਗਤ ਨੇ ਦਿੱਤੀ।

ਉਨ੍ਹਾਂ ਆਖਿਆ ਕਿ ਇਸ ਬਾਰੇ ਜਾਣਕਾਰੀ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਪਕੜੇ ਗਏ ਖਾੜਕੂ ਨੇਤਾ ਸ: ਪਰਮਜੀਤ ਸਿੰਘ ਕੋਲੋਂ ਪੁਛਗਿੱਛ ਦੌਰਾਨ ਮਿਲੀ ਹੈ। ਪਰਮਜੀਤ ਸਿੰਘ ਸਿਓਰਾ ਜੋ ਵੀਰਵਾਰ ਵਾਲੇ ਦਿਨ ਰਾਜ ਦੀ ਪੁਲਿਸ ਵੱਲੋਂ ਪਕੜੇ ਗਏ ਸਨ। ਸ੍ਰੀ ਗੁਰਬਚਨ ਜਗਤ ਅਨੁਸਾਰ ਸ: ਬੇਅੰਤ ਸਿੰਘ ਦੀ ਕਤਲ ਦੀ ਯੋਜਨਾ ਬਣਾਉਣ ਵਿਚ ਮੋਢੀ ਸਨ।

ਡੀ. ਜੀ. ਪੀ. ਨੇ ਦੱਸਿਆ ਕਿ ਪਰਮਜੀਤ ਕਈ ਨਕਲੀ ਨਾਵਾਂ ਹੇਠ ਕੰਮ ਕਰਦਾ ਰਿਹਾ ਸੀ। ਉਸ ਦੇ ਨਾਵਾਂ ਵਿਚ ਗੁਰਮੀਤ ਸਿੰਘ, ਕਾਲਾ, ਪੰਮਾ, ਹਰਜੀਤ ਸਿੰਘ, ਸਨੀ, ਚਾਵਲਾ ਅਤੇ ਪਿੰਕਾ ਸ਼ਾਮਿਲ ਹਨ। ਉਹ ਖਾੜਕੂ ਜਥੇਬੰਦੀ ਵਿਚ 1994 ਵਿਚ ਸ਼ਾਮਿਲ ਹੋਇਆ ਸੀ।

ਉਹ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁਖੀ ਭਾਈ ਵਧਾਵਾ ਸਿੰਘ ਦੇ ਸੰਪਰਕ ਵਿਚ ਆਇਆ ਜੋ ਕਿ ਲਾਹੌਰ ਪਾਕਿਸਤਾਨ ਵਿਚ ਰਹਿੰਦਾ ਹੈ। ਇਨ੍ਹਾਂ ਦੋਹਾਂ ਦਾ ਸੰਪਰਕ ਪਰਸ਼ੋਤਮ ਸਿੰਘ ਉਰਫ ਵਿੱਕੀ ਉਰਫ ਪੰਮਾ ਨੇ ਕਰਾਇਆ ਜੋ ਕਿ ਅੰਬਾਲਾ ਦਾ ਰਹਿਣਾ ਵਾਲਾ ਹੈ।

ਡੀ.ਜੀ.ਪੀ.ਨੇ ਆਖਿਆ ਕਿ 1995 ਦੇ ਆਰੰਭ ਵਿਚ ਪੰਜਾਬ ਦੇ ਰਾਜਿੰਦਰ ਸਿੰਘ ਨੇ (ਜੋ ਹੁਣ ਅਮਰੀਕਾ ਵਿਚ ਰਹਿੰਦਾ ਹੈ) ਜਗਤਾਰ ਸਿੰਘ ਹਵਾਰਾ ਨਾਲ ਸੰਪਰਕ ਕੀਤਾ ਅਤੇ ਸ: ਬੇਅੰਤ ਸਿੰਘ ਦੇ ਕਤਲ ਦੀ ਯੋਜਨਾ ਬਣਾਈ।

ਜਗਤਾਰ ਸਿੰਘ ਹਵਾਰਾ ਵਧਾਵਾ ਸਿੰਘ ਕੋਲੋਂ ਹਦਾਇਤਾਂ ਮਿਲਣ ਉਪਰ ਨਿਪਾਲ ਰਾਹੀਂ ਪਾਕਿਸਤਾਨ ਤੋਂ ਪੰਜਾਬ ਆਇਆ ਅਤੇ ਉਸ ਨੇ ਪਰਮਜੀਤ ਸਿੰਘ ਨਾਲ ਸੰਪਰਕ ਕੀਤਾ ਅਤੇ ਉਸ ਸਮੇਂ ਦੇ ਮੁੱਖ ਮੰਤਰੀ ਨੂੰ ਕਤਲ ਕਰਨ ਦੀ ਯੋਜਨਾ ਬਣਾਈ।

ਉਹ ਪਰਸ਼ੋਤਮ ਸਿੰਘ ਉਰਫ ਵਿੱਕੀ ਨਾਲ ਰਲ ਕੇ ਪੰਜਾਬ ਦੇ ਸਾਬਕਾ ਪੁਲਿਸ ਕਾਂਸਟੇਬਲ ਦਿਲਾਵਰ ਸਿੰਘ ਦੇ ਸੰਪਰਕ ਵਿਚ ਆਇਆ ਅਤੇ ਐਸ. ਪੀ. ਓ. ਬਲਵੰਤ

(ਬਾਕੀ ਸਫਾ 12 ਕਾਲਮ 4)

Punjabi Sanatani

# ਗੁਰਦਾਸਪੁਰ ਪੁਲਿਸ ਵੱਲੋਂ ਸੁਖਜਿੰਦਰ ਸਿੰਘ ਦੀ ਗ੍ਰਿਫਤਾਰੀ ਨਾਲ ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਸਫਾਏ ਦਾ ਦਾਅਵਾ

ਗੁਰਦਾਸਪੁਰ, 25 ਅਗਸਤ (ਵਿਸ਼ੇਸ਼ ਪ੍ਰਤੀਨਿਧ) ਗੁਰਦਾਸਪੁਰ ਜ਼ਿਲ੍ਹੇ ਦੀ ਪੁਲਿਸ ਨੇ ਖਾੜਕੂ ਜਥੇਬੰਦੀ ਖਾਲਿਸਤਾਨ ਜ਼ਿੰਦਾਬਾਦ ਫੋਰਸ, ਜਿਸ ਨੇ 2 ਦਸੰਬਰ 1996 ਨੂੰ ਅੰਬਾਲਾ ਰੇਲਵੇ ਸਟੇਸ਼ਨ ਅਤੇ 6 ਅਪ੍ਰੈਲ ਤੇ 6 ਜੂਨ ਨੂੰ ਪਠਾਨਕੋਟ ਵਿਖੇ ਬੰਬ-ਧਮਾਕੇ ਕਰਕੇ 30 ਦੇ ਕਰੀਬ ਨਿਰਦੋਸ਼ ਵਿਅਕਤੀਆਂ ਨੂੰ ਮਾਰ ਦਿੱਤਾ ਸੀ ਦੇ ਇਕ ਹੋਰ ਸਰਗਰਮ ਮੈਂਬਰ ਸੁਖਜਿੰਦਰ ਸਿੰਘ ਨੂੰ ਬੀਤੀ ਰਾਤ ਗ੍ਰਿਫਤਾਰ ਕਰਕੇ ਇਕ ਸਰਗਰਮ ਖਾੜਕੂ ਜਥੇਬੰਦੀ ਦਾ ਮੁਕੰਮਲ ਸਫਾਇਆ ਕਰਨ ਦਾ ਦਾਅਵਾ ਕੀਤਾ ਹੈ।

ਜ਼ਿਲ੍ਹਾ ਪੁਲਿਸ ਮੁਖੀ ਸ੍ਰੀ ਗੌਰਵ ਯਾਦਵ ਨੇ ਇਸ ਸਬੰਧੀ ਪ੍ਰੈੱਸ ਕਾਨਫਰੰਸ ਦੌਰਾਨ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਖਾੜਕੂ ਜਥੇਬੰਦੀ ਨਾਲ ਸੰਬੰਧਿਤ 15 ਸਰਗਰਮ ਮੈਂਬਰ ਪੰਜਾਬ ਪੁਲਿਸ, ਜੰਮੂ ਪੁਲਿਸ ਅਤੇ ਦਿੱਲੀ ਪੁਲਿਸ ਵੱਲੋਂ ਪਹਿਲਾਂ ਹੀ ਗ੍ਰਿਫਤਾਰ ਕਰਕੇ ਉਕਤ ਬੰਬ ਧਮਾਕਿਆਂ ਦੇ ਦੋਸ਼ੀਆਂ ਦੀ ਸ਼ਨਾਖਤ ਕਰਕੇ ਵੱਡੀ ਸਫਲਤਾ ਪ੍ਰਾਪਤ ਕੀਤੀ ਹੈ।

ਸ੍ਰੀ ਯਾਦਵ ਨੇ ਦੱਸਿਆ ਕਿ ਪੁਲਿਸ ਨੂੰ ਗੁਪਤ ਸੂਚਨਾ ਮਿਲਣ 'ਤੇ ਪਠਾਨਕੋਟ ਸਦਰ ਪੁਲਿਸ ਸਟੇਸ਼ਨ ਅਧੀਨ ਪੈਂਦੇ ਪਿੰਡ ਕੋਟਲੀ ਦੇ ਨਜ਼ਦੀਕ 'ਅੱਪਰਬਾਰੀ ਦੋਆਬ ਕੈਨਾਲ' ਦੀ ਪਟੜੀ ਤੋਂ ਸ: ਪ੍ਰੀਤਮ ਸਿੰਘ ਐਸ. ਐਚ. ਓ. ਦੀ ਅਗਵਾਈ ਹੇਠ ਇਕ ਨਾਕੇ ਦੌਰਾਨ ਸੁਖਜਿੰਦਰ ਸਿੰਘ ਉਰਫ 'ਜੌਹਲ' ਪਿੰਡ ਵਡਾਲਾ-ਜੌਹਲ ਜ਼ਿਲ੍ਹਾ ਅੰਮ੍ਰਿਤਸਰ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ ਇਕ ਪਿਸਤੌਲ, ਕੁਝ ਕਾਰਤੂਸ ਅਤੇ ਦੋ ਹੱਥ ਗੋਲੇ ਬਰਾਮਦ ਕੀਤੇ ਗਏ ਹਨ। ਉਨ੍ਹਾਂ ਅੱਗੇ ਦੱਸਿਆ ਕਿ ਸੁਖਜਿੰਦਰ ਸਿੰਘ 1992 ਵਿਚ 17 ਸਾਲ ਦੀ ਉਮਰ ਵਿਚ ਹੀ ਦਮਦਮੀ ਟਕਸਾਲ ਵਿਖੇ ਚਲਾ ਗਿਆ ਸੀ ਅਤੇ ਜੰਮੂ ਦਾ ਇਕ ਨੌਜਵਾਨ ਕੁਲਵਿੰਦਰ ਸਿੰਘ ਜੋ ਪਹਿਲਾਂ ਹੀ ਖਾਲਿਸਤਾਨ ਜ਼ਿੰਦਾਬਾਦ ਫੋਰਸ ਨਾਲ ਸੰਬੰਧਿਤ ਸੀ, ਸੁਖਜਿੰਦਰ ਸਿੰਘ ਦਾ ਦੋਸਤ ਬਣ ਗਿਆ।

ਇਸ ਫੋਰਸ ਦੇ ਡਿਪਟੀ ਚੀਫ ਅਤਰਜੀਤ ਸਿੰਘ ਨੇ ਇਨ੍ਹਾਂ ਦੋਹਾਂ ਨੂੰ ਦਿੱਲੀ ਅਤੇ ਪੰਜਾਬ ਅੰਦਰ ਬੰਬ-ਧਮਾਕੇ ਕਰਨ ਵਾਸਤੇ ਰਜ਼ਾਮੰਦ ਕਰ ਲਿਆ। ਐਸ. ਐਸ. ਪੀ. ਨੇ ਦੱਸਿਆ ਕਿ ਇਨ੍ਹਾਂ ਦੋਹਾਂ ਨੇ 14 ਅਪ੍ਰੈਲ, 1997 ਨੂੰ ਐਕਸ਼ਨ ਕਰਨ ਵਾਸਤੇ ਚਿੱਟੇ ਰੰਗ ਦੀ ਮਾਰੂਤੀ ਕਾਰ ਨੰ: ਡੀ. ਏ. ਕਿਊ. 2591 ਚੋਰੀ ਕੀਤੀ ਅਤੇ ਜੰਮੂ ਵਿਖੇ ਇਕ ਪਟਰੋਲ ਪੰਪ ਲੁੱਟਣ ਦੀ ਯੋਜਨਾ ਤਿਆਰ ਕੀਤੀ ਅਤੇ

(ਬਾਕੀ ਸਫਾ ੪ ਕਾਲਮ 1)

Punjabi Sanatani

# ਪੁਲਿਸ ਮੁਖੀ ਵਲੋਂ ਸੁੱਖਾ ਦੀ ਗ੍ਰਿਫ਼ਤਾਰੀ ਪਿੱਛੋਂ ਭਾਰੀ ਗੋਲੀ-ਸਿੱਕਾ ਮਿਲਣ ਦਾ ਦਾਅਵਾ




ਪੰਜਾਬ ਪੁਲਿਸ ਵਲੋਂ ਫੜੇ ਗਏ ਬੱਬਰ ਖਾਲਸਾ ਦੇ ਸੁਖਪਾਲ ਸਿੰਘ ਤੋਂ ਬਰਾਮਦ ਹੋਏ ਹਥਿਆਰਾਂ ਨੂੰ ਵੇਖਦੇ ਹੋਏ ਪੰਜਾਬ ਪੁਲਿਸ ਦੇ ਡੀ. ਜੀ. ਪੀ. ਸ੍ਰੀ ਪੀ. ਸੀ. ਡੋਗਰਾ। (ਖੱਬੇ) ਸੁਖਪਾਲ ਸਿੰਘ ਦੀ ਇਕ ਤਸਵੀਰ।

ਅਜੀਤ ਫੋਟੋ : ਟੀ. ਐਸ. ਬੇਦੀ

ਚੰਡੀਗੜ੍ਹ, 12 ਨਵੰਬਰ (ਹਰਕਵਲਜੀਤ ਸਿੰਘ)- ਪੰਜਾਬ ਪੁਲਿਸ ਨੇ ਬੱਬਰ ਖਾਲਸਾ ਦੇ ਇਕ ਹੋਰ ਕੱਟੜ ਖਾੜਕੂ ਸ: ਸੁਖਪਾਲ ਸਿੰਘ ਸੁੱਖਾ ਨੂੰ ਗ੍ਰਿਫ਼ਤਾਰ ਕਰਕੇ ਉਸ ਦੇ ਕਬਜ਼ੇ ਵਿਚੋਂ ਭਾਰੀ ਮਾਤਰਾ ਵਿਚ ਵਿਸਫੋਟਕ ਸਮੱਗਰੀ ਅਤੇ ਹਥਿਆਰ ਤੇ ਗੋਲੀ ਸਿੱਕਾ ਕਬਜ਼ੇ ਵਿਚ ਲੈਣ ਦਾ ਦਾਅਵਾ ਕੀਤਾ ਹੈ। ਪੰਜਾਬ ਪੁਲਿਸ ਦੇ ਮੁਖੀ ਸ੍ਰੀ ਪੀ. ਸੀ. ਡੋਗਰਾ ਨੇ ਅੱਜ ਇਥੇ ਇਕ ਪੱਤਰਕਾਰ ਸੰਮੇਲਨ ਵਿਚ ਇਹ ਜਾਣਕਾਰੀ ਦੇਂਦਿਆਂ ਆਖਿਆ ਕਿ ਸ: ਸੁਖਪਾਲ ਸਿੰਘ ਦੇ ਕਬਜ਼ੇ ਵਿਚੋਂ 15 ਕਿਲੋ ਪੀ. ਟੀ. ਐਨ. ਵਿਸਫੋਟਕ, 3 ਪਿਸਤੌਲ, 98 ਕਾਰਤੂਸ, 25 ਡੈਟੋਨੇਟਰ, 34 ਮੀਟਰ ਫਿਊਜ਼ ਤਾਰ ਅਤੇ ਡਰਾਈ ਬੈਟਰੀਆਂ ਮਿਲੀਆਂ ਹਨ। ਸ੍ਰੀ ਡੋਗਰਾ ਨੇ ਦਾਅਵਾ ਕੀਤਾ ਕਿ ਪੁਲਿਸ ਦੀ ਉਕਤ ਕਾਮਯਾਬੀ ਨਾਲ ਪੰਜਾਬ ਪੁਲਿਸ ਨੇ ਪਿਛਲੇ ਦਿਨਾਂ ਦੌਰਾਨ ਜੰਮੂ ਦੇ ਰਸਤੇ ਰਾਜ ਵਿਚ ਪੁੱਜੇ ਕੋਈ 1.75 ਕਵਿੰਟਲ ਪੀ. ਟੀ. ਐਨ. ਅਤੇ ਆਰ. ਡੀ. ਐਕਸ ਵਿਸਫੋਟਕਾਂ ਦੀਆਂ ਖੇਪਾਂ ਕਬਜ਼ੇ ਵਿਚ ਲੈ ਲਈਆਂ ਹਨ।

ਸ੍ਰੀ ਡੋਗਰਾ ਨੇ ਦੱਸਿਆ ਕਿ ਸ: ਸੁਖਪਾਲ ਸਿੰਘ ਜੋ ਡੇਹਲੋਂ ਦੇ ਪਿੰਡ ਨਾਰੰਗਵਾਲ ਖੁਰਦ ਦਾ ਰਹਿਣ ਵਾਲਾ ਹੈ ਖਤਰਨਾਕ ਖਾੜਕੂ ਪਿੰਡ ਝੰਜੋਆਂ (ਬਟਾਲਾ) ਦੇ ਸ: ਸਤਨਾਮ ਸਿੰਘ ਸੱਤਾ ਦਾ ਨੇੜਲਾ ਸਾਥੀ ਸੀ ਜਿਸ ਨੂੰ ਕਿ ਪੁਲਿਸ ਵੱਲੋਂ ਅਕਤੂਬਰ ਦੇ ਅਖੀਰ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲਿਸ ਮੁਖੀ ਨੇ ਸ: ਸੁਖਪਾਲ ਸਿੰਘ ਨੂੰ 10 ਨਵੰਬਰ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ। ਸ੍ਰੀ ਡੋਗਰਾ ਨੇ ਦੱਸਿਆ ਕਿ ਸ: ਸੁਖਪਾਲ ਸਿੰਘ ਵੀ ਡਿਪਲੋਮਾ ਇੰਜੀਨੀਅਰ ਸੀ ਅਤੇ ਪਿੰਡ ਨਾਰੰਗਵਾਲ ਦੇ ਅਖੰਡ ਕੀਰਤਨੀ ਜਥੇ ਨਾਲ ਸੰਬੰਧਿਤ ਇਕ ਚੰਗੇ ਪਰਿਵਾਰ ਵਿਚੋਂ ਹੈ। ਉਨ੍ਹਾਂ ਕਿਹਾ ਕਿ ਉਹ ਸ: ਸਤਨਾਮ ਸਿੰਘ 'ਸੱਤਾ' ਦੇ ਸੰਪਰਕ ਵਿਚ ਇਸ ਲਈ ਆਇਆ ਕਿਉਂਕਿ ਸ: ਸੱਤਾ ਨੇ ਵੀ ਲੁਧਿਆਣਾ ਤੋਂ ਹੀ ਇੰਜੀਨੀਅਰਿੰਗ ਦਾ ਡਿਪਲੋਮਾ ਕੀਤਾ ਹੈ।

ਸ੍ਰੀ ਡੋਗਰਾ ਨੇ ਕੁਝ ਧਾਰਮਿਕ ਸੰਸਥਾਵਾਂ ਵੱਲੋਂ ਵੀ ਇਨ੍ਹਾਂ ਖਾੜਕੂਆਂ ਨੂੰ ਸ਼ਰਨ ਦੇਣ ਦਾ ਆਪਣਾ ਦੋਸ਼ ਦੁਹਰਾਇਆ ਪ੍ਰੰਤੂ ਉਨ੍ਹਾਂ ਇਨ੍ਹਾਂ ਸੰਸਥਾਵਾਂ ਬਾਰੇ ਕਿਸੇ ਤਰ੍ਹਾਂ ਦੀ ਕੋਈ ਜਾਣਕਾਰੀ ਦੇਣ ਤੋਂ ਇਨਕਾਰ ਕੀਤਾ। ਸ੍ਰੀ ਡੋਗਰਾ ਨੇ ਦੱਸਿਆ ਕਿ ਮੁੱਢਲੀ ਪੁੱਛਗਿੱਛ ਦੌਰਾਨ ਸ: ਸੁਖਪਾਲ ਸਿੰਘ ਨੇ ਮੰਨਿਆ ਹੈ ਕਿ ਕੁਝ ਦਿਨ ਪਹਿਲਾਂ ਉਸ ਨੂੰ ਲੁਧਿਆਣਾ ਵਿਖੇ ਸ: ਸਤਨਾਮ ਸਿੰਘ ਸੱਤਾ ਵੱਲੋਂ ਹਥਿਆਰਾਂ ਅਤੇ ਵਿਸਫੋਟਕ ਸਮੱਗਰੀ ਦੀ ਇਕ ਖੇਪ ਦਿੱਤੀ ਗਈ। ਪੁਲਿਸ ਮੁਖੀ ਨੇ ਦੱਸਿਆ ਕਿ ਲੁਧਿਆਣਾ ਅਤੇ ਜਗਰਾਉਂ ਪੁਲਿਸ ਵੱਲੋਂ ਸਾਂਝੇ ਤੌਰ 'ਤੇ ਮਾਰੇ ਗਏ ਛਾਪਿਆਂ ਦੌਰਾਨ ਪੁਲਿਸ ਨੂੰ ਉਕਤ ਕਾਮਯਾਬੀ ਮਿਲੀ।

ਸ੍ਰੀ ਡੋਗਰਾ ਨੇ ਦਾਅਵਾ ਕੀਤਾ ਕਿ ਸ: ਸਤਨਾਮ ਸਿੰਘ ਸੱਤਾ ਬੱਬਰ ਖਾਲਸਾ ਦੇ ਮੁਖੀ ਭਾਈ ਵਧਾਵਾ ਸਿੰਘ ਦੇ ਆਦੇਸ਼ਾਂ 'ਤੇ ਮਾਲਵੇ ਦੇ ਖੇਤਰ ਵਿਚ ਖਾੜਕੂ ਮੁਹਿੰਮ ਨੂੰ ਦੁਬਾਰਾ ਸਰਗਰਮ ਕਰਨ ਲਈ ਕੰਮ ਕਰ ਰਿਹਾ ਸੀ।

ਪੁਲਿਸ ਮੁਖੀ ਸ੍ਰੀ ਡੋਗਰਾ ਨੇ ਕੁਝ ਮਹੀਨੇ ਪਹਿਲਾਂ ਮੋਗਾ ਵਿਖੇ ਵਾਪਰੇ ਗੋਲੀ ਕਾਂਡ ਲਈ ਖਾਲਿਸਤਾਨ ਕਮਾਂਡੋ ਫੋਰਸ (ਪੰਜਵੜ) ਨੂੰ ਜ਼ਿੰਮੇਵਾਰ ਠਹਿਰਾਇਆ ਜਦੋਂ ਕਿ ਪਹਿਲਾਂ ਉਹ ਖੁਦ ਹੀ ਇਸ ਘਟਨਾ ਲਈ ਪਾਕਿਸਤਾਨੀ ਖੁਫੀਆ ਏਜੰਸੀ ਆਈ. ਐਸ. ਆਈ. ਨੂੰ ਜ਼ਿੰਮੇਵਾਰ ਠਹਿਰਾਉਂਦੇ ਰਹੇ ਹਨ। ਉਨ੍ਹਾਂ ਦੱਸਿਆ ਕਿ ਪੁੱਛਗਿੱਛ ਦੌਰਾਨ ਇਸ ਘਟਨਾ ਲਈ ਦੋਸ਼ੀ 'ਬਿੰਦਾ' ਨੇ ਮੰਨਿਆ ਹੈ ਕਿ ਮੋਗਾ ਦੀ ਕਾਰਵਾਈ ਲਈ ਉਸ ਨੂੰ ਇਕ ਲੱਖ ਰੁਪਏ ਦੀ ਰਾਸ਼ੀ ਦਿੱਤੀ ਗਈ ਸੀ ਅਤੇ ਉਸ ਨੂੰ ਅਮਰੀਕਾ ਪਹੁੰਚਾ ਕੇ ਪਨਾਹ ਦਵਾਉਣ ਦਾ ਵੀ ਭਰੋਸਾ ਦਿੱਤਾ ਗਿਆ ਸੀ।

Punjabi Sanatani